# ਸੂਰਾ

ਮਾਸਕ ਪੱਤਰ


ਅੰਮ੍ਰਿਤਸਰ AMRITSAR

## ਭਾਈ ਤਾਰੂ ਸਿੰਘ ਜੀ ਸ਼ਹੀਦ

ਜਿਨ੍ਹਾਂ ਖੋਪਰ ਲੁਆ ਲਿਆ, ਪਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ।

Feb. 1978

ਫ਼ਰਵਰੀ ੧੯੭੮



www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦–੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗ੍ਰਿਹਿ ਤਾ ਕੈ ਬਸੰਤੁ ਗਨੀ | ਬਸੰਤ ਮਹਲਾ ੫ | ੧ |
| ਹੱਠ-ਜੋਗ ਤੇ ਗੁਰਮਤਿ ਸਹਿਜ-ਜੋਗ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਭਾਈ ਗੁਰਦਾਸ ਜੀ ਅਨੁਸਾਰ ਗੁਰਮਤਿ ਸਹਿਜ ਜੋਗ | ਕਬਿਤ ਸਵਯੇ | ੭ |
| ਭਾਰੀ ਲੋੜ ਅਜ ਗੁਰਮਤਿ ਪ੍ਰਚਾਰ ਦੀ ਏ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੭ |
| ਜਾਪ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੮ |
| ਗੁਰਮਤਿ ਤੇ ਰੰਗ-ਮੰਚ | ਗਿ: ਜੀਤ ਸਿੰਘ ਜੀ, ਬੰਬਈ | ੧੨ |
| ਭਾਈ ਤਾਰੂ ਸਿੰਘ ਜੀ ਸ਼ਹੀਦ | 'ਸੂਰਾ' ਪਰਵਾਰ | ੧੭ |
| ਪ੍ਰੇਮ ਉਛਾਲੇ (ਕਵਿਤਾ) | ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ | ੧੯ |
| ਚਾਰ ਦਿਨਾਂ ਦੀ ਹੂ-ਹਵਾ (ਗ਼ਜ਼ਲ) | ਜੱਥੇਦਾਰ ਉਜਾਗਰ ਸਿੰਘ ਜੀ ਉਲਫ਼ਤ | ੨੦ |
| ਮਿਲਣ ਤਾਂਘ (ਗ਼ਜ਼ਲ) | ਗਿ: ਗੋਪਾਲ ਸਿੰਘ ਜੀ ਮਿੱਤਰ | ੨੦ |
| ਕੀ ਸਿੰਘ ਬੀਬੀਆਂ ਲਈ ਕੇਸਕੀ ਜ਼ਰੂਰੀ ਹੈ ? | ਸ: ਗੁਰਬਚਨ ਸਿੰਘ ਜੀ ਲੁਧਿਆਣਾ | ੨੧ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ | ਕੈਪਟਨ ਸਵਰਨ ਸਿੰਘ ਜੀ | ੨੭ |
| ਜਬ ਲਗ ਰਹੇ ਖ਼ਾਲਸਾ ਨਿਆਰਾ | ਸ. ਅਜਮੇਰ ਸਿੰਘ ਜੀ ਅੰਮ੍ਰਿਤਸਰ | ੩੪ |
| ਬੀਬੀ ਕ੍ਰਿਸ਼ਨ ਕੌਰ ਤੇ ਭਾਈ ਜਯੋਤੀ ਸਿੰਘ ਜੀ | ਸ: ਵਰਿਆਮ ਸਿੰਘ ਜੀ ਦਿਲੀ | ੩੬ |
| ਹਰਿ ਕਾ ਨਾਮੁ ਸੰਗਿ ਉਜਿਆਰਾ | ਸ: ਸਤਨ ਮ ਸਿੰਘ ਜੀ | ੩੯ |
| ਚਰਨ ਕਮਲ ਕਾ ਮਹਾਤਮ ਅਗਾਧੁ ਬੋਧੁ (ਅਰਥ ਬੋਧ) | ਪ੍ਰੋ: ਸਾਹਿਬ ਸਿੰਘ ਜੀ | ੪੦ |


**ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ੨੦ ਫ਼ਰਵਰੀ**

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਗੁਪਤ ਦਾਨ | 5-00 |
| ਸ. ਗੁਰਬਚਨ ਸਿੰਘ ਜੀ ਦਿਲੀ ਵਲੋਂ ਸ: ਰਣਜੀਤ ਸਿੰਘ ਦੀ ਮੰਗਣੀ ਦੀ ਖੁਸ਼ੀ ਵਿਚ | 5-00 |
| ਬੀਬੀ ਪੁਸ਼ਪਾ ਲਤਾ ਦਾਰਾਪੁਰ ਤੋਂ | 7-00 |
| ਸ: ਹਰਬੰਸ ਸਿੰਘ, ਕਰਤਾਰ ਸਿੰਘ ਕਾਨਪੁਰ ਵਲੋਂ ਸ. ਦਲਜੀਤ ਸਿੰਘ ਤੇ ਬੀਬੀ ਇੰਦਰਜੀਤ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 22-00 |
| ਭਾਈ ਮਸਤਾ ਸਿੰਘ ਜੀ ਡਰਬੀ ਯੂ.ਕੇ. ਵਲੋਂ | 200-00 |
| ਸ: ਕਵਲਦੀਪ ਸਿੰਘ ਜੀ S/O ਸ: ਉਜਾਗਰ ਸਿੰਘ ਤਸੀਲਦਾਰ ਜਲੰਧਰ ਵਲੋਂ | 10-00 |
| ਸ: ਅਜੀਤ ਸਿੰਘ ਜੀ ਹਰਸਾ ਛੀਨਾ ਵਲੋਂ | 5-00 |
| ਭਾਈ ਜੋਗਿੰਦਰ ਸਿੰਘ ਜੀ ਲਖਨਊ ਵਲੋਂ ਆਪਣੇ ਪਿਤਾ ਸ: ਸਾਧੂ ਸਿੰਘ ਜੀ ਦੇ ਅੰਤਮ ਭੋਗ ਸਮੇਂ | 21-00 |
| ਸੂਬੇਦਾਰ ਪ੍ਰੀਤਮ ਸਿੰਘ ਜੀ 56 APO | 2-50 |

ਵਾਹਿਗੁਰੂ ਨਾਮ ਦਾਨ ਤੇ ਖ਼ੁਸ਼ੀਆਂ ਬਖਸ਼ਣ ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੨.੭੮ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ੮-੦੦
ਇਕ ਪਰਚਾ ੦-੭੫

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ., ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿਘ
ਗਿ: ਗੁਰਬਚਨ ਸਿਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੨ ਫ਼ਰਵਰੀ ੧੯੭੮ ਅੰਕ ੨


## ਗ੍ਰਿਹਿ ਤਾ ਕੈ ਬਸੰਤੁ ਗਨੀ

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥
ਗ੍ਰਿਹਿ ਤਾ ਕੈ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥੧॥ਰਹਾਉ॥
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥
ਸੋ ਤਪਸੀ ਜਿਸੁ ਸਾਧ ਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥
ਸੋ ਨਿਰਭਉ ਜਿਨ੍ਹ ਭਉ ਪਇਆ ॥ ਸੋ ਸੁਖੀਆ ਜਿਸੁ ਭ੍ਰਮੁ ਗਇਆ ॥
ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥੩॥
ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥
ਹਰਿ ਰੰਗ ਰੰਗਾ ਸਹਜਿ ਮਾਣੁ ॥ ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥

[ਬਸੰਤ ਮਹਲਾ ੫, ਪੰਨਾ ੧੧੮੦


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :

**ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**



www.AKJ.Org

# ਹੱਠ-ਜੋਗ ਤੇ ਗੁਰਮਤਿ ਸਹਿਜ-ਯੋਗ ਦਾ ਫ਼ਰਕ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਗੁਰਮਤਿ ਸਹਿਜ ਜੋਗ ਤੇ ਆਨਮਤ ਹੱਠ-ਜੋਗ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਹੱਠ-ਜੋਗ ਦੁਆਰਾ ਤਾਂ ਨਾੜੀਆਂ ਦੇ ਨਿਉਲੀ ਕਰਮ, ਨੇਤੀ, ਧੋਤੀ ਆਦਿ ਦੇ ਤੰਦਣ-ਤਾਣੇ ਵਿਚ ਹੀ ਉਲਝਿਆ ਰਹਿਣਾ ਪੈਂਦਾ ਹੈ। ਫੇਰ ਵੀ ਤੱਤ ਵਸਤੂ ਹਾਸਲ ਨਹੀਂ ਹੁੰਦੀ। ਫੋਕੀ ਪਉਣ ਦਾ ਕਿਸੇ ਥਾਉਂ ਰੁਕਿਆ ਰਹਿਣਾ ਕੋਈ ਕਲਿਆਣਕਾਰੀ ਨਹੀਂ।

ਕੋਈ ਜੋਗੀ ਤਾਂ ਕੁੰਡਲਨੀ ਦਾ ਉਲਝਿਆ ਤਾਣਾ-ਬਾਣਾ ਬੜੀਆਂ ਮੁਸ਼ਕਲਾਂ ਨਾਲ ਸੁਲਝਾ ਕੇ ਦਸਮ ਦੁਆਰੇ ਅਪੜਿਆ ਅਨੁਮਾਨ ਕਰਦੇ ਹਨ। ਕੋਈ ਦੰਡ-ਮੇਰ ਕਮਰੋੜ (ਰੀੜ੍ਹ) ਦੀ ਹੱਡੀ ਥਾਣੀਂ ਦਸਮ ਦੁਆਰ ਪੁਜਿਆ ਪ੍ਰਮਾਣਦੇ ਹਨ। ਦੰਡ ਮੇਰ ਥਾਣੀਂ ਪੁਜਿਆਂ ਪ੍ਰਾਣਾਂ ਦਾ ਅਟਕਾਉ ਉਨ੍ਹਾਂ ਦੇ ਮਨ-ਮੰਨੇ ਦਸਮ ਦੁਆਰ ਵਿਚ ਜ਼ਰਾ ਬਹੁਤਾ ਚਿਰ ਅਟਕਿਆ ਬਣਿਆ ਰਹਿੰਦਾ ਹੈ, ਤੇ ਕੁੰਡਲਨੀ ਦੇ ਰਾਹ ਚੜ੍ਹਿਆ ਸਾਹ ਥੋੜਾ ਚਿਰ ਹੀ ਅਟਕਾਉ ਵਿਚ ਰਹਿੰਦਾ ਹੈ। ਏਨ੍ਹਾਂ ਦੋਹਾਂ ਰਾਹਾਂ ਨੂੰ ਖੋਲ੍ਹਣ ਲਈ ਹੱਠ-ਜੋਗੀਆਂ ਨੂੰ ਬੜੇ ਔਖੇ ਸਾਧਨ ਕਰਨੇ ਪੈਂਦੇ ਹਨ।

ਕੁੰਡਲਨੀ ਨਾੜੀ ਸੱਪ ਵਰਗੇ ਵਿੰਗਾਂ, ਕੁੰਡਲਾਂ ਵਾਲੇ ਖਟ ਚੱਕਰਾਂ ਵਿਚ ਦੀ ਹੋ ਕੇ ਉਪਰ ਨੂੰ ਜਾਂਦੀ ਹੈ। ਕਈ ਤਾਂ ਇਸ ਰਸਤੇ ਪਉਣ ਨੂੰ ਚੜ੍ਹਾਉਂਦੇ ਹਨ। ਮੇਰਦੰਡੀ ਹਠ-ਜੋਗ ਵਾਲੇ ਗੁਦੋਂ ਤੋਂ ਕਪਾਲ ਤਾਈਂ ਲਗੀ ਹੋਈ ਪਿਠ ਦੀ ਬੜੀ ਹੱਡੀ (ਕਮਰੋੜ ਵਾਲੀ ਹੱਡੀ) ਥਾਣੀਂ ਪਉਣ ਚੜ੍ਹਾਉਂਦੇ ਹਨ ਤੇ ਉਹ ਇਸ ਖ਼ਿਆਲ ਨਾਲ ਕਿ ਗੁਦਾ ਦੇ ਰਸਤੇ ਪਉਣ ਬਾਹਰ ਨਾ ਨਿਕਲ ਜਾਏ, ਗੁਦਾ ਦੇ ਛਿਦ੍ਰ ਉਦਪਰ ਅਗੇ ਪੈਰ ਦੀ ਅੱਡੀ ਦੇ ਲੈਂਦੇ ਹਨ। ਫੇਰ ਪ੍ਰਾਣ ਵਾਯੂ ਤੇ ਅਪਾਨ ਵਾਯੂ ਦੋਹਾਂ ਨੂੰ ਮਿਲਾ ਕੇ ਉਪਰ ਨੂੰ ਚੜ੍ਹਾਉਂਦੇ ਹਨ। ਸਰੀਰ ਦੀਆਂ ਸਾਰੀਆਂ ਹੱਡੀਆਂ ਵਿਚ ਮਿਝ ਹੁੰਦੀ ਹੈ। ਮੇਰ ਦੰਡ (ਰੀੜ ਦੀ ਹੱਡੀ) ਭੀ ਅੰਦਰੋਂ ਇਕ ਸਿਰੇ ਤਾਈਂ ਮਿਝ ਧਾਤ ਦੀ ਭਰੀ ਹੋਈ ਹੁੰਦੀ ਹੈ। ਇਹ ਮਿਝ ਪਉਣ ਨੂੰ ਉਪਰ ਨਹੀਂ ਚਲਣ ਦਿੰਦੀ। ਸੋ ਇਸ ਰਸਤੇ ਪ੍ਰਾਣ ਚੜ੍ਹਾਉਣ ਲਈ ਪਹਿਲਾਂ ਸੂਰਜ ਦੇ ਸੁਰ (ਸੱਜੀ ਸੁਰ) ਨਾਲ ਪਉਣ ਚੜ੍ਹਾਉਂਦੇ ਹਨ। ਹੱਠ-ਜੋਗੀਆਂ ਦੇ ਕਥਨ ਅਨੁਸਾਰ ਸੂਰਜ ਸੁਰ ਚਲਾਉਣ ਸਮੇਂ ਜੋ ਗਰਮੀ (ਤਪਸ਼) ਪੈਦਾ ਹੁੰਦੀ ਹੈ, ਏਸ ਗਰਮੀ (ਤਪਸ਼) ਨਾਲ ਮਿਝ ਪਿਘਲ ਕੇ ਤੇ ਢਲ ਕੇ ਹੇਠਾਂ ਨਿਕਲ ਜਾਂਦੀ ਹੈ ਜਾਂ ਲਾਂਭੇ ਚਾਂਭੇ ਹੋ ਜਾਂਦੀ ਹੈ, ਕਿਸੇ ਆਸੇ ਪਾਸੇ ਲਗ ਜਾਂਦੀ ਹੈ। ਇਸ ਤਰ੍ਹਾਂ ਕੁਝ ਖ਼ਾਲੀ ਹੋਏ ਮੇਰ ਦੰਡ ਦੇ ਪੁਲਾੜ ਵਿਚਦੀ ਪ੍ਰਾਣ-ਪਵਨ ਉਪਰ ਚੜ੍ਹ ਜਾਂਦੇ ਹਨ। ਪ੍ਰੰਤੂ ਸੂਰਜ ਦਾ ਸੁਰ ਚਲਾਉਣ ਨਾਲ, ਉਹ ਕਹਿੰਦੇ ਹਨ ਕਿ ਸਰੀਰ ਵਿਚ ਗਰਮੀ ਨੂੰ ਹਟਾਉਣ ਲਈ, ਪਿਛੋਂ ਚੰਦ ਦੀ ਸੁਰ (ਖੱਬੀ ਸੁਰ) ਚਲਾਉਂਦੇ ਹਨ ਤਾਂ ਗਰਮੀ ਸ਼ਾਂਤ ਹੁੰਦੀ ਹੈ। ਸਰਦੀ ਨਾਲ ਮਿਝ ਫੇਰ ਜੰਮ ਜਾਂਦੀ ਹੈ। ਅਤੇ ਮਿਝ ਦੇ ਜੰਮ ਜਾਣ ਕਰਕੇ ਪ੍ਰਾਣ ਫੇਰ ਉਪਰ ਨੂੰ ਜਾਣੋਂ ਰੁਕ ਜਾਂਦੇ ਹਨ। ਪ੍ਰਾਣਾਂ ਨੂੰ ਫੇਰ ਉਪਰ ਨੂੰ ਚਲਾਉਣ ਲਈ ਪਛਮ ਦੁਆਰੇ ਮੇਰਦੰਡ ਵਿਖੇ ਸੂਰਜ ਸੁਰ ਨੂੰ ਚਲਾ ਕੇ ਤਪਾਉਂਦੇ ਹਨ ਤਾਂ ਫੇਰ ਏਸ ਯਤਨ ਨਾਲ ਮਿਝ ਢਲ ਕੇ ਪ੍ਰਾਣ ਉਪਰ ਨੂੰ ਚਲ ਪੈਂਦੇ ਹਨ ਅਤੇ ਚਲ ਕੇ ਮੇਰਦੰਡ ਦੇ ਸਿਰੇ ਜਾ ਕੇ (ਜੋ ਸਿਰਾ ਗਿੱਚੀ ਵਾਲੇ ਥਾਉਂ ਕਪਾਲ ਨਾਲ ਲਗਾ ਹੋਇਆ ਹੈ) ਠਹਿਰ ਜਾਂਦੇ ਹਨ, ਕਿਉਂਕਿ ਮੇਰਦੰਡ ਦੇ ਸਿਰੇ ਤੋਂ ਅਗੇ ਪ੍ਰਾਣ ਚੜ੍ਹਨ ਵਾਲੇ ਰਸਤੇ ਮੁਹਰੇ, ਪਛਮ ਵਲ ਨੂੰ ਮਾਸ ਦੀ ਪਤਲੀ ਜਹੀ ਇਕ ਕਤਲੀ ਹੈ, ਜਿਸ ਨੂੰ ਜੋਗੀ ਲੋਕ ਸਿਲ ਆਖਦੇ ਹਨ, ਉਹ ਪ੍ਰਾਣਾਂ ਦੇ ਚੜ੍ਹਾਉ ਅਗੇ ਰੋਕ ਹੈ। ਉਪਰ ਚਲਣ ਵਾਲੀ ਪਉਣ ਆਪਣੇ ਵੇਗ ਦੇ ਬਲ ਨਾਲ ਪਹਿਲਾਂ ਉਸ ਸਿਲ ਨੂੰ ਲਾਮ੍ਹ ਚੁਕ ਦਿੰਦੀ ਹੈ। ਫੇਰ ਉਸ ਸਿਲ ਦੇ ਲਾਗ ਹੀ ਉਪਰਲੇ ਪਾਸੇ ਨੂੰ ਪਉਣ ਨੂੰ ਰੋਕਣ ਵਾਲੀ ਮਾਸ ਦੀ ਇਕ ਹੋਰ ਪਤਲੀ ਕਤਲੀ ਹੁੰਦੀ ਹੈ, ਜਿਸ ਨੂੰ ਖਿੜਕੀ ਆਖਦੇ ਹਨ। ਉਪਰ ਚਲਣ ਵਾਲੀ



www.AKJ.Org

ਪਉਣ ਆਪਣੇ ਜ਼ੋਰ ਨਾਲ ਏਸ ਕਤਲੀ (ਖਿੜਕੀ) ਨੂੰ ਭੀ ਚੁਕ ਦਿੰਦੀ ਹੈ। ਤਿਸ ਖਿੜਕੀ ਦੇ ਉਪਰਵਾਰ ਦਸਵਾਂ ਦੁਆਰ, ਉਹ ਜੋਗੀ ਜਨ ਆਖਦੇ ਹਨ, ਕਿ ਹੈ। ਪਰ ਜੋਗੀਆਂ ਦਾ ਇਹ ਦਸਮ ਦੁਆਰ ਕੇਵਲ ਪਉਣ ਪੁਹਾਰਾ ਹੀ ਹੈ। ਏਥੇ ਨਾ ਜੋਤ ਦਾ ਲਿਸ਼ਕਾਰਾ ਝਲਕ ਰਾ ਉਨ੍ਹਾਂ ਨੂੰ ਹੁੰਦਾ ਹੈ, ਨਾ ਰਸ ਅੰਮ੍ਰਿਤ ਦਾ ਕੋਈ ਪੁਹਾਰਾ ਪੈਂਦਾ ਹੈ। ਨਾ ਹੀ ਏਥੇ ਪੁਜ ਕੇ ਉਨ੍ਹਾਂ ਦੀ ਲਿਵਤਾਰ, ਜੋਤੀ-ਸਰੂਪ ਕਰਤਾਰ ਨਿਰੰਕਾਰ ਨਾਲ ਲਗਦੀ ਹੈ। ਨਾ ਹੀ ਉਨ੍ਹਾਂ ਅੰਤਸ਼ਕਰਣੀ ਸੰਸਕਾਰਾਂ ਦਾ ਅਭਾਵ ਹੁੰਦਾ ਹੈ।

## ਗੁਰਮਤਿ ਸਹਿਜ ਜੋਗ--

ਗੁਰਮਤਿ ਸਹਿਜ ਜੋਗੀਆਂ ਦੇ, ਗੁਰਮਤਿ ਨਾਮ ਅਭਿਆਸ ਕਮਾਈ ਦੇ ਪਰਤਾਪ ਨਾਲ ਸਹਿਜੇ ਹੀ ਇਹ ਮਰਹਲੇ ਤੈਅ ਹੋ ਜਾਂਦੇ ਹਨ। ਸਾਰ ਜਪਮਾਲੀ ਦੀ ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸੁਕ੍ਰਿਤ ਕਰਨੀ ਕਰਨ ਵਾਲੇ, ਸ੍ਰੇਸ਼ਟ ਬੁਧੀ ਵਾਲੇ ਜਾਗਦੇ ਜੋਗੀ, ਗੁਰਮੁਖ ਜਨ ਕਲਿਆਨ ਰੂਪ ਪਰਮੇਸ਼ਰ ਪਰਮਾਤਮਾ ਦੇ ਨਗਰ ਦਸਮ ਦੁਆਰ (ਸ਼ਿਵਪੁਰੀ) ਵਿਚ ਸਾਕਸ਼ਾਤ ਦੀਦਾਰ ਹੇਤ ਨਿਵਾਸ ਕਰਦੇ ਹਨ। ਹੋਰ ਕੋਈ ਪ੍ਰਯੋਜਨ ਨਹੀਂ ਤਿਨ੍ਹਾਂ ਦੇ ਦਸਮ ਦੁਆਰ ਨਿਵਾਸ ਕਰਨ ਦਾ। ਦਸਮ ਦੁਆਰ ਪੁੱਗਿਆਂ ਤਿਨ੍ਹਾਂ ਨੂੰ, ਜ਼ੋਤੀ ਸਰੂਪ ਵਾਹਿਗੁਰੂ ਦਾ ਸਾਕਸ਼ਾਤ ਦਿਦਾਰਾ ਹੁੰਦਾ ਹੈ, ਜਿਸ ਕਿਸੇ ਜਗਿਆਸੂ ਜਨ ਨੂੰ ਏਸ ਸਾਕਸ਼ਾਤ ਦਿਦਾਰੇ ਦੀ ਲੋੜ ਇੱਛਾ ਹੋਵੇ, ਉਹ ਪੁਗ ਖਲੋਤੇ ਗੁਰਮੁਖ ਜਨਾਂ ਨਾਲ ਮਿਲ ਕੇ ਤਿਨ੍ਹਾਂ ਦੀ ਸੰਗਤ ਨਾਲ, ਉਨ੍ਹਾਂ ਦੀ ਕਰਨੀ ਕਮਲ ਜਮਾਲ ਦੇ ਨਾਲ ਇਕ-ਮਿਕਾਰ ਹੋ ਕੇ, ਤਿਸੇ ਪਰਕਾਰ ਦਸਮ ਦੁਆਰ ਪਹੁੰਚਣ ਦਾ ਬਿਬੇਕ ਬਿਚਾਰ ਅਮਲ ਵਿਚ ਲਿਆਵੇ। ਕੇਵਲ ਇਸ ਬਿਧ ਇਸ ਪਦ ਪੁਜਿਆਂ ਹੀ ਈਤ ਊਤ (ਲੋਕ ਪਰਲੋਕ) ਦੀ ਸੋਝੀ ਪੈਂਦੀ ਹੈ। ਐਸੀ ਉਤਮ ਭਗਤੀ, ਸੱਚੀ ਰਾਜ ਜੋਗ ਸੁਕ੍ਰਿਤ ਕਰਨੀ ਨੂੰ ਛੱਡ ਕੇ ਕਿਹੜਾ ਏਨ੍ਹਾਂ ਮਹਾਂ ਕਸ਼ਟਾਂ ਵਾਲੀ ਹੱਠ-ਜੋਗ ਕਰਨੀ ਨੂੰ ਕਰਦਾ ਫਿਰੇ ਤੇ ਕਰਿ ਕਰਿ ਮੈਂ ਮੇਰੀ ਵਿਚ ਮਰਦਾ ਫਿਰੇ।

ਗੁਰਮੁਖ ਜਾਗਦੇ ਜੋਗੀ ਜਨਾਂ ਦਾ ਨਿਜ ਆਦਰਸ਼ੀ ਉਚ-ਮੇਅਰਾਜੀ ਸਹਿਜ ਪਦ ਉਪਰ ਹੀ ਧਿਆਨ ਲਗ ਰਿਹਾ ਹੈ। ਪ੍ਰਕਾਸ਼ ਰੂਪ ਰਮਤ ਰਾਮ ਦਾ ਜੋਤਿ ਪ੍ਰਕਾਸ਼ਕ, ਜੋਤਿ ਮਣੀਆ ਨਾਮ ਹੀ ਤਿਨ੍ਹਾਂ ਦਾ ਤੱਤ ਬ੍ਰਹਮ ਗਿਆਨ ਹੈ। ਗੁਰਮਤਿ ਭਗਤਿ-ਜੋਗ ਉਨ੍ਹਾਂ ਦਾ ਹੱਠ ਜੋਗ ਤੋਂ ਵਖਰਾ ਤੇ ਵਿਲੱਖਣ, ਇਸ ਨਿਮਨ ਲਿਖਤ ਪਰਕਾਰ ਦਾ ਅਪ੍ਰੋਕਸ਼ ਗਿਆਨ-ਅੰਸਾ ਜੋਗ ਹੈ।

ਨਾਮ ਅਭਿਆਸ ਕਮਾਈ ਦੁਆਰਾ ਜਦੋਂ ਊਰਧ (ਪੁੱਠਾ) ਕਮਲ ਰਸ-ਜੋਤਿ ਪ੍ਰਕਾਸ਼ਕ ਕਲਾ ਦੁਆਰਾ ਖਿੜ ਕੇ ਸਿੱਧਾ ਹੋ ਗਿਆ ਤਾਂ ਇਹ ਮੂਲ ਦੁਆਰੇ, ਅਰਥਾਤ ਦਸਮ ਦੁਆਰੇ ਪੁਜਣ ਦਾ ਪੁੱਲ ਬਝ ਗਿਆ। ਰਸ-ਜੋਤਿ-ਅਨੰਦੀ ਨਾਭ ਕਵਲ ਵਿਚ ਆਤਮਾ ਨੂੰ ਅਸਥਿਰ ਕਰਿ, ਜਦੋਂ ਪ੍ਰਾਣਾਯਾਮ ਦਾ ਰਸ-ਜੋਤਿ ਝਲਕਾਰਨੀ ਬਿਲੋਵਨਾ ਬਿਲੋਇਆ ਤਾਂ "ਰਵਿਤੇਜ" ਸੂਰਜ ਦੇ ਤੇਜ ਸਾਰਖਾ ਚਾਨਣਾ ਉਦੇ ਹੋ ਗਿਆ। ਏਸ ਚਾਨਣੇ ਅੰਦਰ ਤਪਸ਼ ਉਕੀ ਹੀ ਨਹੀਂ। ਤੇਜ ਤਾਂ ਉਸ ਦਾ ਸੂਰਜ ਸਾਰਖਾ ਦਗਦਾ ਹੈ, ਪਰ ਉਸ ਚਾਨਣੇ ਦੀ ਸੀਤਲਤਾ ਚੰਦਰਮਾ ਸਾਰਖੀ ਸੀਤਲ ਹੈ। ਜੋਤਿ ਤੇਜਸੀ ਸੂਰਜ ਦੀ ਤੇਜ ਭਰੀ ਆਭਾ, ਰਸ-ਸੀਤਲਤਾ ਭਰੇ ਚੰਦਰਮਾ ਦੀ ਸੀਤਲ ਰਸ ਭਰੀ ਚਾਨਣੀ ਦੇ ਤਲੇ ਅਮਿਉ ਠਰੂਰੀ ਹੋ ਜਾਂਦੀ ਹੈ। ਨਾਮ ਅਭਿਆਸੀ ਗੁਰਮੁਖ ਜੋਗੀ ਭਗਤਾਂ ਦੇ ਅੰਤਰ-ਆਤਮੇ ਦਸਮ ਦੁਆਰ ਦੇ ਖੁਲ੍ਹਣ ਤੋਂ ਪਹਿਲਾਂ ਹੀ ਇਹ ਸੂਰਜ ਤੇ ਚੰਦ ਉਦੇ ਹੋ ਜਾਂਦੇ ਹਨ। ਪਰ ਰਸ ਅਮੀ-ਜੋਤਿ ਵਾਲੇ ਚੰਦਰਮਾ ਦੀ ਆਭਾ ਰਵਿਤੇਜ ਤੋਂ ਉਛਲਵੀਂ ਛਲਕਾਂ ਮਾਰਦੀ ਹੈ। ਇਸ ਕਰਕੇ ਗੁਰਮਤਿ ਭਗਤ ਜੋਗੀ ਜਨ ਬਿਸਮੇਂ ਹੋਇ ਹੋਇ ਇਉਂ ਉਚਾਰਦੇ ਹਨ--

ਰਵਿ ਊਪਰ ਗਹਿ ਰਾਖਿਆ ਚੰਦੁ॥ (੧੧੫੯)

ਪ੍ਰਕਾਸ਼ਤ ਹੋਈ ਜੋਤਿ ਦਾ ਤੇਜ ਪਹਿਲਾਂ ਦਸਮ ਦੁਆਰ ਦੇ ਪਛਮ ਪਾਸੇ ਮਹਾਂ ਪ੍ਰਬਲ ਹੋ ਕੇ ਚਮਕਦਾ ਹੈ ਅਤੇ ਇਕ-ਦਮ ਮੇਰਦੰਡ (ਰੀੜ ਦੀ



www.AKJ.Org

ਹੱਡੀ) ਦੇ ਸਿਰ ਤੇ ਇਸ ਦਾ ਜ਼ਹੂਰ ਆ ਹੁੰਦਾ ਹੈ, ਬਿਜਲੀ ਦੀ ਬਿਜਲਤਾ ਵਾਂਗ ਜੋਤਿ-ਦਾਮਨ ਸਾਰੀ ਰੀੜ-ਨਾੜ [ਡੰਡ ਮੇਰ-ਦਸਮ-ਦੁਆਰ ਨੂੰ ਪਹੁੰਚਣ ਵਾਲੀ ਸੁਮੇਰ (ਪਗਡੰਡੀ) ਰੂਪੀ ਰੀੜ ਹਡੀ] ਅੰਦਰ ਹੀ ਚਮਕਾਂ ਮਾਰਨ ਲਗ ਪੈਂਦੀ ਹੈ। ਪਰ ਇਸ ਦਾ ਸਮੁੱਚਾ ਗੋਲਾਕਾਰ ਬਿਜਲ-ਬਲਬ-ਚਾਨਣਾ ਉਪਰਲੇ ਸਿਰੇ ਤੇ ਹੀ ਤੇਜ-ਨੂਰੀ ਫਾਨੂਸ ਬਣਿਆ ਦਸਮ ਦੁਆਰ ਦਾ ਖੋਜ-ਨੈਸਾਨ ਦਰਸਾਉਣਹਾਰਾ ਮੁਨਾਰਾ ਦੀਪਕ ਹੋਇ ਰਹਿੰਦਾ ਹੈ। ਏਥੇ ਇਕ ਅਕਹਿ ਰਸ ਬਿਸਮਾਦ ਹੁੰਦਾ ਹੈ । ਰਵਿ-ਚੰਦ ਮਿਸ਼ਤਰੀ (ਮਿਲਵਾਂ) ਰਸ-ਜੋਤਿ ਕੁੰਡਲ ਦਸਮ ਦੁਆਰੇ ਦੇ ਗਿਰਦਾ ਗਿਰਦ ਭੁਆਟਣੀਆਂ ਖਾ ਖਾ ਸਾਰੀ ਸੀਸ ਪੁਲਾੜੀ ਅੰਕਾਵਲੀ (ਸਿਰ ਦੇ ਸਾਰੇ ਪੁਲਾੜ ਵਾਲੇ ਅੰਗਾਂ) ਨੂੰ ਅੰਦਰੋਂ ਬਾਹਰੋਂ ਬਿਸਮ-ਦਾਮਨੀ ਚਮਕਾਰ ਵਿਚ ਚਮਕਾਇ ਚਮਕਾਇ ਪੂਰਬ ਪੱਛਮ ਉਤਰ ਦਖਣ, ਸਾਰੀਆਂ ਕੂੰਟਾਂ (ਭਾਵ ਸਾਰਿਆਂ ਪਾਸਿਆਂ) ਨੂੰ ਉਜਲਾਇ ਰੁਸ਼ਨਾਇ ਕੇ ਓੜਕ ਪੱਛਮ ਪਾਸਿਓਂ ਝਰੋਖਾ ਖੋਲ੍ਹ ਕੇ ਦਸਮ ਦੁਆਰ ਵਿਚ ਜਾ ਪ੍ਰਵੇਸ਼ ਕਰਦਾ ਹੈ। ਮਾਨੋ ਦਸਮ ਦੁਆਰ ਦੀ ਖਿੜਕੀ ਖੁਲ੍ਹ ਜਾਂਦੀ ਹੈ। ਏਸ ਖਿੜਕੀ ਦੇ ਖੁਲ੍ਹਣ ਨੂੰ ਜਾਣਿਆ ਹੀ ਜਾ ਸਕਦਾ ਹੈ, ਪਰ ਇਸ ਦਾ ਧਿਆਨ ਨਹੀਂ ਹੋ ਸਕਦਾ। ਖਿੜਕੀ ਖੁਲ੍ਹਣ ਦੀ ਦੇਰ ਹੀ ਹੁੰਦੀ ਹੈ ਕਿ ਦਸਮ ਦੁਆਰ ਪ੍ਰਗਟ ਪਹਾਰੇ ਆ ਆਸ਼ਕਾਰ ਹੁੰਦਾ ਹੈ। ਭਾਵ ਇਹ ਕਿ ਦਸਮ ਦੁਆਰ ਖੁਲ੍ਹ ਜਾਂਦਾ ਹੈ। ਏਥੇ ਦੇ ਜੋਤਿ-ਜਗਨੰਤੀ ਬਿਸਮ ਰਸ ਅੰਦਰ ਆਤਮਾ ਲੀਨ ਹੁੰਦਾ ਹੋਇਆ, ਇਸ ਬਿਸਮ ਖੇਡ ਨੂੰ ਪੇਖਣਹਾਰਾ ਤੇ ਬਿਸਮ ਆਨੰਦ ਨੂੰ ਮਾਨਣਹਾਰਾ ਅਭਿੰਨ ਹੁੰਦਾ ਹੋਇਆ ਭੀ ਭਿੰਨ ਰਹਿੰਦਾ ਹੈ। ਦਸਮ ਦੁਆਰ ਅੰਦਰ ਕੋਟਾਨ ਕੋਟ ਚੰਦਰਮਾਆਂ ਦਾ ਠਰ੍ਹੰਮਾ ਰਸ-ਸੀਤ-ਬੰਨਾ ਮਾਤ ਹੈ, ਜਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਤੇ ਨਾ ਏਸ ਦਾ ਅੰਤ ਆਉਂਦਾ ਹੈ । ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :

ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥
ਤਹ ਤੁਮ੍ ਮਿਲਿ ਕੈ ਕਰਹੁ ਬੀਚਾਰੁ ॥
ਈਤ ਊਤ ਕੀ ਸੋਝੀ ਪਰੈ ॥
ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥
ਨਿਜ ਪਦ ਊਪਰਿ ਲਾਗੋ ਧਿਆਨੁ ॥
ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥
ਮੂਲ ਦੁਆਰੈ ਬੰਧਿਆ ਬੰਧੁ ॥
ਰਵਿ ਊਪਰਿ ਗਹਿ ਰਾਖਿਆ ਚੰਦੁ ॥
ਪਛਮ ਦੁਆਰੈ ਸੂਰਜੁ ਤਪੈ ॥
ਮੇਰ ਡੰਡ ਸਿਰ ਊਪਰਿ ਬਸੈ ॥੨॥
ਪਸਚਮ ਦੁਆਰੇ ਕੀ ਸਿਲ ਓੜ ॥
ਤਿਹ ਸਿਲ ਊਪਰਿ ਖਿੜਕੀ ਅਉਰ ॥
ਖਿੜਕੀ ਊਪਰਿ ਦਸਵਾ ਦੁਆਰੁ ॥
ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥
[ਭੈਰਉ ਕਬੀਰ ਜੀ, ੧੧੫੯

ਗੁਰਮਤਿ ਸਹਿਜ ਜੋਗ ਦੇ ਮਾਰਗ ਵਿਚ ਨਾ ਕੋਈ ਤਪਸ਼ ਹੈ, ਨਾ ਕੋਈ ਤਕਲੀਫ਼, ਨਾ ਕੋਈ ਵਿੰਗ ਹੈ ਨਾ ਤੜਿੰਗ । ਨਾ ਕੋਈ ਅਟਕ ਨਾ ਅੜਿੰਗ । ਗੁਰਮਤਿ ਸਹਿਜ ਜੋਗ ਦਰਸਾਏ ਦਸਮ ਦੁਆਰ ਅੰਦਰ ਹੀ ਜੋਤਿ-ਚਮਕਾਰ ਅਨਹਦ ਸ਼ਬਦ ਗੁੰਜਾਰੀ ਖੇਡ ਹੈ, ਹੋਰ ਕਿਤੇ ਨਹੀਂ। ਐਸੇ ਤ੍ਰਿਕੁਣੀ ਸੰਗਮੀ ਦਸਮ ਦੁਆਰ ਮਈ ਸਹਿਜ ਸੁੰਨ ਕੇ ਘਾਟ ਵਿਖੇ ਗੁਰਮਤਿ ਸਹਿਜ ਜੋਗੀਆਂ ਨੇ ਸਮਾਧ-ਸਥਿਤ ਹੋ ਕੇ ਨਿਵਾਸ ਮਈ ਮਟ ਬਣਾ ਛਡਿਆ ਹੈ, ਜਿਸ ਦੇ ਰਸਤੇ ਨੂੰ ਰਿਖੀ ਮੁਨੀ ਖੋਜਦੇ ਫਿਰਦੇ ਹਨ, ਜੈਸਾ ਕਿ ਕਬੀਰ ਜੀ ਦਾ ਵਾਕ ਹੈ :

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥
ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥
[ਕਬੀਰ ਜੀ ਸਲੋਕ ੧੫੨

ਮਨਮਤੀਆਂ ਦੇ ਦਸਮ ਦੁਆਰ ਦੀ ਖੇਡ ਬੜੀ ਪੇਚੀਦਾ ਹੈ ਤੇ ਉਨ੍ਹਾਂ ਦਾ ਦਸਮ ਦੁਆਰ ਕਠਨ ਹੱਠ-ਜੋਗ ਕੀਤਿਆਂ ਖੁਲ੍ਹਦਾ ਹੈ, ਪਰ ਪਉਣ-ਪ੍ਰਾਣ ਅਟਕਾਈ ਸਿੱਧੀ ਹੀ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਨਿਉਲੀ ਕਰਮ ਨਾਲ ਅੰਤੜੀਆਂ ਦੀ ਸਫ਼ਾਈ ਹੋ ਜਾਂਦੀ ਹੈ। ਪ੍ਰਾਣਾਯਾਮ ਨਾਲ ਸੁਆਸ ਰੁਕ ਜਾਂਦੇ



www.AKJ.Org

ਹਨ, ਵਾਸ਼ਨਾ ਨਹੀਂ ਰੁਕਦੀ । ਜਿਤਨਾ ਚਿਰ ਸੁਆਸ ਰੁਕੇ ਰਹਿਣਗੇ ਉਤਨਾ ਚਿਰ ਹੀ ਸਰੀਰ ਦੇ ਕਰਮ-ਇੰਦਰੇ ਕਰਮ ਕਰਨ ਤੋਂ ਵਰਜੇ ਰਹਿਣਗੇ, ਸੁਆਸ ਉਤਾਰਨ ਸਾਰ ਫੇਰ ਦਹਿਦਿਸ ਧਾਵਣਗੇ ਤੇ ਮਨ ਚਲਾਇਮਾਨ ਹੋ ਜਾਏਗਾ । ਜਿਸ ਅਸਥਾਨ ਵਿਚ ਸੁਆਸ ਰੁਕ ਕੇ ਠਹਿਰਦੇ ਹਨ, ਉਸ ਨੂੰ ਉਹ ਦਸਮ ਦੁਆਰ ਆਖਦੇ ਹਨ, ਅਨਹਦ ਸ਼ਬਦ ਉਨ੍ਹਾਂ ਦਾ ਬੰਸਰੀ, ਕੈਂਸੀ ਆਦਿ ਬਜੰਤ੍ਰੀ ਵਾਜਿਆਂ ਦੀ ਠਨ ਠਨ, ਝੁਨ ਝੁਨ, ਝੁਨਕਾਰ ਦੀ ਧੁਨੀ ਹੀ ਹੁੰਦੀ ਹੈ ਤੇ ਜੋ ਰਿਧੀਆਂ ਸਿਧੀਆਂ ਉਹ ਪ੍ਰਾਪਤ ਹੋਈਆਂ ਮੰਨਦੇ ਹਨ, ਉਹ ਭੀ ਨਿਰਾ ਮੋਹ ਹੀ ਹਨ ।

ਯੋਗੀਆਂ ਨੂੰ ਹਠ-ਯੋਗ ਸਾਧਨਾ ਲਈ ਘਰਬਾਰ, ਕਾਰੋਬਾਰ ਤੇ ਅੰਨ ਅਹਾਰ ਦਾ ਤਿਆਗ ਅਤੇ ਕਈ ਪ੍ਰਕਾਰ ਦਾ ਬਰਤ ਧਾਰਨਾ ਪੈਂਦਾ ਹੈ । ਗੁਰਮਤਿ ਸਹਿਜ-ਯੋਗ ਮਾਰਗ ਅੰਦਰ ਅਜਿਹੇ ਬਿਖਮ ਸਾਧਨ ਕਰਨੇ ਤੇ ਖੇਚਲਾਂ ਝਲਣੀਆਂ ਨਹੀਂ ਪੈਂਦੀਆਂ । ਦਸਮ ਦੁਆਰ ਪੁਜਾਵਨਹਾਰਾ, ਵਾਹਿਗੁਰੂ ਨਾਲ ਮਿਲਾਵਨਹਾਰਾ ਤੇ ਅਨਹਦ ਧੁਨੀ ਬਜਾਵਨਹਾਰਾ ਜੇ ਕੋਈ ਜੋਗ ਹੈ ਤਾਂ ਇਹ ਗੁਰਮਤਿ ਸਹਿਜ ਜੋਗ ਹੀ ਹੈ । ਗੁਰੂ ਘਰ ਤੋਂ ਬਾਹਰ ਦਸਮ ਦੁਆਰ ਦਰਸਾਵਨ-ਹਾਰੀ, ਅਨਹਦ ਸ਼ਬਦ ਸੁਨਾਵਨਹਾਰੀ ਖੇਡ ਹੋਰ ਕਿਤੇ ਨਹੀਂ ਪਾਈ ਜਾਂਦੀ ।

## *ਗਿ: ਨਾਹਰ ਸਿੰਘ ਜੀ ਵਲੋਂ ਸੰਪਾਦਕੀ ਨੋਟ :--*

ਹੱਠ ਜੋਗ ਤੇ ਗੁਰਮਤਿ ਸਹਿਜ ਜੋਗ ਦਾ ਫ਼ਰਕ ਉਪਰਲੇ ਸਫ਼ਿਆਂ ਵਿਚ ਖੋਲ੍ਹ ਕੇ ਦਸਿਆ ਗਿਆ ਹੈ । ਇਸ ਫ਼ਰਕ ਨੂੰ ਸੌਖਾ ਸਮਝਣ ਲਈ ਲੋਹੇ ਦੀ ਅੰਗੀਠੀ ਦੀ ਮੋਟੀ ਮਿਸਾਲ ਦੇਣੀ ਠੀਕ ਹੋਵੇਗੀ । ਅੰਗੀਠੀ ਵਿਚ ਜੋ ਹੇਠਲਾ ਹਿੱਸਾ ਸੁਆਹ ਡਿਗਣ ਵਾਲਾ ਹੈ, ਉਹ ਤਾਂ ਜੋਗੀਆਂ ਦਾ ਦਸਮ ਦੁਆਰ ਹੈ, ਤੇ ਉਪਰਲਾ ਕੋਇਲੇ ਰਖਣ ਵਾਲਾ ਥਾਂ ਅਸਲੀ ਦਸਮ ਦੁਆਰ ਹੈ । ਭਾਵ ਇਹ ਕਿ ਜੋਗੀਆਂ ਦਾ ਦਸਮ ਦੁਆਰ ਹੇਠਲਾ ਪੁਲਾੜ ਹੀ ਹੈ, ਜਿਸ ਵਿਚ ਬੰਸਰੀ, ਛੈਣੇ, ਬੱਦਲ ਦੀ ਗਰਜ, ਸੰਖ ਤੇ ਘੰਟੇ ਬਜਣ ਦੀਆਂ ਅਵਾਜ਼ਾਂ ਸੁਣੀਦੀਆਂ ਹਨ । ਪਰ "ਤਿਹ ਸਿਲ ਊਪਰਿ ਖਿੜਕੀ ਅਉਰ" ਅਤੇ "ਖਿੜਕੀ ਊਪਰਿ ਦਸਵਾ ਦੁਆਰ" ਦੇ ਵਾਕ ਅਨੁਸਾਰ ਇਸ ਤੋਂ ਉਪਰਲੇ ਤਾਕ ਖੁਲ੍ਹਣ ਪਰ ਅਸਲੀ ਦਸਮ ਦੁਆਰ ਵਿਚ ਜਾਈਦਾ ਹੈ, ਜਿਥੇ ਨਾਮ ਬਾਣੀ ਦੀਆਂ ਅਨਾਹਤ ਧੁੰਨੀਆਂ ਸੁਣੀਦੀਆਂ ਹਨ, ਜੋ ਅਸਲ ਅਨਾਹਦ ਸ਼ਬਦ ਹੈ । ਇਥੇ ਜਾ ਕੇ ਪਰਮਾਤਮਾ ਦਾ ਦਰਸ-ਝਲਕਾ ਵਜਦਾ ਹੈ ਤੇ ਸਚਖੰਡ ਨਾਲ ਸਬੰਧ (ਕੁਨੈਕਸ਼ਨ) ਜੁੜ ਜਾਂਦਾ ਹੈ ।

ਏਥੇ ਇਕ ਜੋਗੀ ਦੀ ਗਵਾਹੀ ਦਰਜ ਕਰਨੀ ਜ਼ਰੂਰੀ ਭਾਸਦੀ ਹੈ, ਜਿਸ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ 'ਤੱਤ ਵਸਤੂ" ਗੁਰੂ ਘਰ ਵਿਖੇ ਹੀ ਹੈ । ਇਹ ਬਿਆਨ ਸੁਆਮੀ ਨਿਤਿਆ ਨੰਦ ਰਿਖੀਕੇਸ਼ ਵਾਲੇ ਦਾ ੧੯੩੭ ਦੇ ਫ਼ਰਵਰੀ ਮਹੀਨੇ ਦੇ ਹਫ਼ਤਾਵਾਰੀ ਅਖ਼ਬਾਰ 'ਗੁਰ ਸੇਵਕ' ਅੰਮ੍ਰਿਤਸਰ ਵਿਚ ਛਪਿਆ ਸੀ ਤੇ ਸੁਆਮੀ ਨਿਤਿਆ ਨੰਦ ਦੀ ਲਿਖਤ ਪੁਸਤਕ 'ਗੁਰ ਗਯਾਨ' ਦੇ ਮੁਢ ਵਿਚ 'ਅਪਨੀ ਬਾਤ' ਦੇ ਸਿਰਲੇਖ ਹੇਠ ਇਸ ਤਰ੍ਹਾਂ ਦਰਜ ਹੈ :—

## *ਅਪਨੀ ਬਾਤ*

ਮੇਰਾ ਜਨਮ ਬੰਗਾਲ ਕਾ ਹੈ । ਏਕ ਜੋਗੀ ਜੀ ਹਮਾਰੇ ਨਗਰ ਮੇਂ ਕਭੀ ਕਭੀ ਆਇਆ ਕਰਤੇ ਥੇ । ਉਨ ਕਾ ਨਾਮ ਥਾ ਸ੍ਰੀ ਸੁਆਮੀ ਬ੍ਰਹਮਾ ਨੰਦ ਜੀ । ਇਨ ਕਾ ਜੀਵਨ ਰਹਸਯ-ਮਈ ਜੀਵਨ ਥਾ । ਵਾਕ ਸਤਯਾ ਪ੍ਰਾਪਤ ਥੀ, ਜੋ ਮੂੰਹ ਸੇ ਨਿਕਲਤਾ, ਤਤਕਾਲ ਹੋ ਜਾਤਾ ਥਾ ।

ਮੇਰੀ ਆਯੂ ਆਜ ੧੩੫ ਸਾਲ ਸੇ ਊਪਰ ਹੈ । ਭਾਰਤ ਵਰਸ਼ ਮੇਂ ਇਨ ਜੈਸੇ ਜੋਗੀ ਬਹੁਤ ਕਮ ਦੇਖਨੇ ਮੇਂ ਆਏ ਹੈਂ । ਮੇਰੇ ਪਿਤਾ ਜੀ ਕੀ ਇਨ ਪਰ ਅਤ ਸ਼ਰਧਾ ਥੀ । ਏਕ ਦਿਨ ਯੇਹ ਹਮਾਰੇ ਘਰ ਕੇ ਦਰਵਜ਼ੇ ਪਰ ਆ ਖੜੇ ਹੂਏ, ਔਰ ਊਂਚੀ ਅਵਾਜ਼ ਸੇ ਕਹਾ, 'ਮੇਰੀ ਅਮਾਨਤ ਲਾਓ ।' ਇਸ ਸੇ ਪਹਿਲੇ ਆਪ ਕਭੀ ਨਗਰ ਮੇਂ ਨਹੀਂ ਆਏ ਥੇ । ਉਨ ਕੋ ਦੇਖ ਕਰ



www.AKJ.Org

ਸਾਰਾ ਪਰੀਵਾਰ ਚਕ੍ਰਿਤ ਰਹਿ ਗਿਆ। ਜੋਗੀ ਜੀ ਨੇ ਜੋ ਕੁਛ ਕਹਾ, ਉਸ ਨੇ ਔਰ ਭੀ ਵਿਸਮਿਤ ਕਰ ਦੀਆ। ਸਮਝਨੇ ਕੀ ਕੋਸ਼ਸ਼ ਕਰਨੇ ਪਰ ਭੀ ਪਿਤਾ ਜੀ ਨਾ ਸਮਝ ਸਕੇ ਕਿ ਜੋਗੀ ਜੀ ਕਿਆ ਮਾਂਗਤੇ ਹੈਂ। ਜੋਗੀ ਜੀ ਨੇ ਕੋਈ ਚੀਜ਼ ਕਭੀ ਦੀ ਹੀ ਨਹੀਂ ਥੀ, 'ਅਮਾਨਤ ਕੌਨ ਸੀ ਮਾਂਗਤੇ ਹੈਂ ?' ਉਨਹੋਂ ਨੇ ਦੋ ਬਾਰ ਫਿਰ ਯਹ ਕਹਾ, 'ਮੇਰੀ ਅਮਾਨਤ ਲਾਓ।' ਪਿਤਾ ਜੀ ਨੇ ਚਰਨ ਪਕੜ ਲੀਏ ਔਰ ਕਹਾ, 'ਆਪ ਕੌਨ ਸੀ ਅਮਾਨਤ ਮਾਂਗਤੇ ਹੈਂ ?' ਜੋਗੀ ਜੀ ਘਰ ਕੇ ਅੰਦਰ ਆ ਗਏ । ਆਤੇ ਹੀ ਮੇਰੇ ਕੰਧੇ ਪਰ ਹਾਥ ਰਖ ਕਰ ਕਹਾ ਕਿ ਯਿਹ ਲੜਕਾ ਮੇਰੀ ਅਮਾਨਤ ਹੈ, ਤੁਮਾਰੇ ਘਰ ਰਹਿਨੇ ਕਾ ਨਹੀਂ, ਮੁਝੇ ਦੇ ਦੋ। ਹਮ ਚਾਰ ਸਹੋਦਰ ਭਾਈ ਥੇ, ਲੇਕਨ ਲੜਕਾ ਦੇਨਾ ਕੋਈ ਸਹਿਜ ਬਾਤ ਨ ਥੀ। ਔਰ ਜੋਗੀ ਜੀ ਕੀ ਬਾਤ ਕਾ ਉਲਟਨਾ ਭੀ ਮੁਸ਼ਕਲ ਥਾ । ਘਰ ਕੇ ਲੋਗ ਏਕ ਦੂਸਰੇ ਕੀ ਤਰਫ਼ ਦੇਖਨੇ ਲਗੇ, ਸਭ ਕੇ ਮੂੰਹ ਬੰਦ ਥੇ। ਜੋਗੀ ਜੀ ਯੇਹ ਕਹਿ ਕਰ ਕਿ 'ਮੇਰੀ ਅਮਾਨਤ ਜਲਦੀ ਮੇਰੇ ਪਾਸ ਪਹੁੰਚਾ ਦੋ', ਅਪਨੀ ਕੁਟੀਆ ਕੀ ਤਰਫ਼ ਚਲੇ ਗਏ। ਸੰਧਯਾ ਕੋ ਮੇਰੀ ਮਾਤਾ ਔਰ ਪਿਤਾ ਜੀ ਜੋਗੀ ਜੀ ਕੇ ਪਾਸ ਗਏ । ਵਹਾਂ ਕਿਆ ਬਾਤ ਚੀਤ ਹੂਈ, ਮੁਝੇ ਨਹੀਂ ਬਤਾਈ ਗਈ, ਹਾਂ ਦੂਸਰੇ ਦਿਨ ਪ੍ਰਾਤਹਕਾਲ ਮੁਝੇ ਜੋਗੀ ਜੀ ਕੀ ਕੁਟੀਆ ਮੇਂ ਪਹੁੰਚਾ ਦੀਆ ਗਿਆ। ਛੀ ਮਾਸ ਵਹਾਂ ਰਹਿਨੇ ਕੇ ਪਸ਼ਚਾਤ ਜੋਗੀ ਜੀ ਮੁਝੇ ਸਾਥ ਲੇ ਕਰ ਵਹਾਂ ਸੇ ਚਲੇ ਆਏ।

ਜੋਗੀ ਜੀ ਸੰਸਕ੍ਰਿਤ ਕੇ ਧੁਰੰਧਰ ਵਿਦਵਾਨ ਥੇ, ਔਰ ਅਪਨੇ ਸ਼ੁਭ ਨਾਮ ਕੋ ਸਾਰਥਕ ਕਰਨੇ ਵਾਲੇ ਜੋਗੀ ਥੇ । ਸਮਝਨੇ ਕੀ ਬਾਤੇਂ ਉਨਹੋਂ ਨੇ ਮੁਝੇ ਸਮਝਾਈਂ, ਔਰ ਸਿਖਾਨੇ ਕੀ ਬਾਤੇਂ ਸਿਖਾਈਂ। ਜਿਸ ਜਗ੍ਹੇ ਔਰ ਕੋਈ ਸਿਧ ਜੋਗੀ ਦੇਖਾ, ਵਹਾਂ ਠਹਿਰ ਕਰ ਮੁਝੇ ਉਨ ਸੇ ਲਾਭ ਉਠਾਨੇ ਕਾ ਅਵਸਰ ਦੀਆ। ਮਦਰਾਸ, ਬਿਹਾਰ, ਉੜੀਸਾ, ਬੰਬਈ, ਕਾਨ੍ਹਪੁਰ, ਆਗਰਾ ਔਰ ਪ੍ਰਯਾਗਰਾਜ ਵਿਚਰਤੇ, ਤੀਰਥ-ਯਾਤਰਾ ਕਰਤੇ ਪੰਜਾਬ ਮੇਂ ਆਏ। ਯਹਾਂ ਇਕ ਉਦਾਸੀਨ ਮਹਾਂ ਭਾਉ ਕੇ ਦਰਸ਼ਨ ਹੂਏ । ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ । ਉਦਾਸੀ ਜੀ ਕਾ ਨਾਮ ਸ੍ਵਾਮੀ ਸਤਯਾ ਨੰਦ ਜੀ ਥਾ । ਇਨਹੋਂ ਨੇ ਗੁਰੂ ਘਰ ਕੀ ਰੀਤੀ ਔਰ ਨੀਤੀ ਕੁਛ ਐਸੇ ਢੰਗ ਸੇ ਸੁਨਾਈ ਕਿ ਸ੍ਰੀ ਸ੍ਵਾਮੀ ਬ੍ਰਹਮਾਨੰਦ ਜੀ ਮੁਗਧ ਹੋ ਗਏ। ਅੰਮ੍ਰਿਤਸਰ ਗੁਰੂ ਦਰਬਾਰ ਕੇ ਦਰਸ਼ਨ ਕਰ ਕੇ ਉਨ ਕੀ ਆਤਮਾ ਪਰ ਕੁਛ ਇਸ ਤਰ੍ਹਾ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਛ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦਵਾਰ ਚਲੇ ਗਏ। ਵਹਾਂ ਇਕ ਦਿਨ ਅਛੇ ਭਲੇ ਬੈਠੇ ਥੇ, ਉਨ ਕੀ ਆਂਖੇਂ ਡੁਬਡੁਬਾਤੀ ਦੇਖ ਕਰ ਮੈਂ ਨੇ ਕਾਰਨ ਪੂਛਾ। ਉਨਹੋਂ ਨੇ ਉਤ੍ਰ ਦੀਆ ਕਿ ਆਯੂ ਭਰ ਰੇਤ ਛਾਨਾ ਕੀ, ਤੱਤ ਵਸਤੂ ਗੁਰੂ ਘਰ ਮੇਂ ਥੀ । ਅਬ ਏਕ ਜਨਮ ਗੁਰੂ ਮੇਂ ਲੇਨਾ ਪੜੇਗਾ ਤਬ ਕਲਯਾਨ ਹੋਗੀ, ਯੇਹ ਕਹਿਤੇ ਉਨ੍ਹੋਂ ਨੇ ਸਰੀਰ ਛੋੜ ਦੀਆ।

ਮੈਂ ਭੀ ਗੁਰੂ ਨਾਨਕ ਦੇਵ ਕੇ ਘਰ ਕੇ 'ਵਾਹਿਗੁਰੂ' ਮੰਤਰ ਕਾ ਜਪ ਕਰਤਾ ਹੂੰ । ਜੋਗ ਸਾਧਨ ਜੋਗਾਚਾਰਯੋਂ ਕੇ ਪਾਸ ਬੈਠ ਕਰ ਕੀਏ, ਔਰ ਸਾਲਹਾਂ ਸਾਲ ਕੀਏ, ਔਰ ਜੋ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀਂ ਮਿਲੀ।

ਗੁਰੂ ਮਾਰਗ ਪੂਰਨ ਹੈ । "ਵਾਹਿਗੁਰੂ" ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ। ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਿਆ ਅੰਮ੍ਰਿਤ ਹੈ। ਗੁਰੂ ਬਾਣੀ ਸੇ ਬੜ੍ਹ ਕਰ ਕਲਯਾਨਕਾਰੀ ਕੋਈ ਔਰ ਬਾਣੀ ਨਹੀਂ।

ਜੋਗੀ ਜੀ ਨੇ ਆਂਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤਵਯ ਹੈ, "ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ-ਜਾਪ ਸੇ ਸਹਿਜ ਮੇਂ ਹੋ ਜਾਤੀ ਹੈ, ਔਰ ਕਠਨ ਸਾਧਨ ਕਰਨੇ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ, ਯੇਹ ਸਤਯ ਹੈ, ਪ੍ਰੀਖਿਆ ਕੀਆ ਹੂਆ ਸਤਯ ਹੈ, ਔਰ ਨਿਰ-ਵਿਵਾਦ ਸਤਯ ਹੈ।"

ਮੇਰੀ ਅਵਸਥਾ ਪੁਸਤਕ ਲਿਖਨੇ ਲਿਖਾਨੇ ਕੀ ਨਹੀਂ ਹੈ । ਕੁਛ ਪ੍ਰੇਮੀ ਸਜਨੋਂ ਕੀ ਪ੍ਰੇਰਨਾ ਸੇ ਅਪਨੇ ਜੀਵਨ ਮੇਂ ਦੇਖੀ ਭਾਲੀ ਬਾਤੇਂ ਭੇਂਟ ਹੈਂ।



www.AKJ.Org

ਯਦੀ ਕਿਸੀ ਏਕ ਵਯਕਤੀ ਨੇ ਭੀ ਇਸ ਸੇ ਲਾਭ ਉਠਾਨੇ ਕਾ ਯਤਨ ਕੀਆ ਤੋ ਮੇਰਾ ਪ੍ਰੀਸ਼੍ਰਮ ਸਫਲ ਹੋ ਜਾਏਗਾ। ਨਿਤਯਾ ਨੰਦ

"ਨੀਲਗੜੀ" (ਹੁਣ ਰਿਖੀਕੇਸ਼)

ਸੁਆਮੀ ਨਿਤਯਾਨੰਦ ਤੇ ਉਸ ਨੂੰ ਚੇਲਾ ਬਣਾ ਕੇ ਯੋਗ ਵਿਚ ਪ੍ਰਵਿਰਤੀ ਕਰਨ ਵਾਲੇ ਸੁਆਮੀ ਬ੍ਰਹਮਾ ਨੰਦ ਜੀ ਨੇ ਆਪਣੀ ਸਾਰੀ ਉਮਰ ਦੇ ਸਾਧਨ ਤੇ ਤਜਰਬੇ ਕਰ ਕੇ ਇਹ ਨਤੀਜਾ ਕਢਿਆ ਕਿ 'ਤੱਤ ਵਸਤੂ' ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ ਹੀ ਹੈ। ਜਿਸ ਦਾ ਭਾਵ ਇਹ ਹੈ ਕਿ ਗੁਰਮਤਿ ਨਾਮ ਦੀ ਕਮਾਈ ਤੇ ਰਹਿਤ ਰਹਿਣੀ ਤੋਂ ਬਿਨਾਂ ਹੋਰ ਕਿਸੇ ਜਪ-ਤਪ, ਸੰਜਮ, ਯੋਗ-ਸਾਧਨ ਆਦਿ ਨਾਲ ਕਲਿਆਣ ਨਹੀਂ ਹੋ ਸਕਦੀ। ਭਟਕਣਾ ਹੀ ਪੈਂਦਾ ਹੈ।

["ਅਨਦ ਸ਼ਬਦ—ਦਸਮ ਦੁਆਰ" ਵਿਚੋਂ ਧੰਨਵਾਦ ਸਹਿਤ

*

## ਭਾਈ ਗੁਰਦਾਸ ਜੀ ਅਨੁਸਾਰ ਗੁਰਮਤਿ ਸਹਿਜ ਜੋਗ

ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗਿ, ਉਲਟਿ ਪਵਨ ਮਨ ਮੀਨ ਕੀ ਚਪਲ ਹੈ ॥
ਸੋਹੰ ਸੋ ਅਜਪਾ ਜਾਪ ਚੀਨੀਅਤਿ ਆਪਾ ਆਪ, ਉਨਮਨੀ ਜੋਤਿ ਕੋ ਉਦੋਤ ਹੁਇ ਪ੍ਰਬੱਲ ਹੈ ॥
ਅਨਹਦਿ ਨਾਦਿ ਵਿਸਮਾਦਿ ਰੁਨਝੁਨਿ ਸੁਣਿ, ਨਿਝਰ ਝਰਨਿ ਬਰਖਾ ਅੰਮ੍ਰਿਤ ਜੱਲ ਹੈ ॥
ਅਨਭੈ ਅਭਿਆਸ ਕੋ ਪ੍ਰਗਾਸ ਅਸਚਰਜ ਮੈ, ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥੱਲ ਹੈ ॥੨੫੧॥

[ਵਿਆਖਿਆ ਅਗਲੇ ਪਰਚੇ ਵਿਚ 'ਗਗਨ ਉਡਾਰੀ' ਲੇਖ ਵਿਚ ਵੇਖੋ]

*

## ਭਾਰੀ ਲੋੜ ਅੱਜ ਗੁਰਮਤਿ ਪ੍ਰਚਾਰ ਦੀ ਏ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ', ਮਾਲਬ, ਜ਼ਿਲਾ ਗੁੜਗਾਉਂ]

ਗੁਰਮਤਿ-ਚਮਨ ਦੀ ਅਜ ਤਰਸਯੋਗ ਹਾਲਤ, ਤਕ ਤਕ ਕਲਮ ਵੀ ਲਿਖਣ ਤੋਂ ਹਾਰਦੀ ਏ।
ਖਿੜੇ ਫੁਲਾਂ ਉਤੇ ਮੁਰਦਿਹਾਣ ਛਾਈ, ਹਰਇਕ ਕਲੀ ਰੋ ਰੋ ਢਾਹੀਂ ਮਾਰਦੀ ਏ।
ਸੋਕਾ ਨਵੀਂ ਪਨੀਰੀ ਨੂੰ ਖਾ ਰਿਹਾ ਏ, ਜਿਸ ਤੇ ਨਜ਼ਰ ਅਜ ਸਾਰੇ ਸੰਸਾਰ ਦੀ ਏ।
ਆਗੂ ਪੰਥ ਦੇ ਬੇਪ੍ਰਵਾਹ ਹੋਏ, ਚਿੰਤਾ ਉਨ੍ਹਾਂ ਨੂੰ ਆਪਣੇ ਵਕਾਰ ਦੀ ਏ।
ਜੀਵਨ ਕੇਵਲ ਦਿਖਾਵੇ ਦੇ ਹੋ ਗਏ ਨੇ, ਘਾਟ ਪੈ ਗਈ ਗੁਰੂ ਪਿਆਰ ਦੀ ਏ।
ਮਾਰੂ ਅਨ-ਮਤ ਪ੍ਰਚਾਰ ਦੇ ਰੋਕਣੇ ਲਈ, ਭਾਰੀ ਲੋੜ ਅੱਜ ਗੁਰਮਤਿ ਪ੍ਰਚਾਰ ਦੀ ਏ।
ਕਾਰਨ ਏਹ ਤੇ ਸਮੁਚੇ ਹੀ ਪੰਥ ਵਲੋਂ, ਗੁਰੂ-ਡੰਮ ਵਿਰੁਧ ਪ੍ਰਚਾਰ ਕੋਈ ਨਹੀਂ।
ਉਗੇ ਸੂਲ ਥਾਂ ਥਾਂ ਦੰਭੀ ਗੁਰੂਆਂ ਦੇ ਨੇ, ਪੁਟ ਕੇ ਸੁਟਣ ਲਈ ਕਾਰੀ ਹਥਿਆਰ ਕੋਈ ਨਹੀਂ।
ਕੌਣ ਖੜਾ ਹੋਵੇ ? ਸੀਨਾ ਤਾਣਕੇ ਤੇ, ਸਿੱਖ ਸਿੱਖ ਦਾ ਪਰਸਪਰ ਪਿਆਰ ਕੋਈ ਨਹੀਂ।
ਝਗੜੇ ਹੈਨ ਸਕਤ੍ਰੀ ਪ੍ਰਧਾਨਗੀ ਦੇ, ਪੰਥ-ਸੇਵਾ ਦਾ ਦਿਲਾਂ 'ਚ ਵਿਚਾਰ ਕੋਈ ਨਹੀਂ।
ਜੋ ਕੁਝ ਹੋ ਰਿਹੈ ਉਸਦਾ ਅਸਰ ਕੋਈ ਨਹੀਂ, ਮਰਜ਼ ਹੋ ਗਈ ਕਾਬੂਓਂ ਬਾਹਰ ਦੀ ਏ।
ਹੋਰ ਦਾਰੂ ਨਹੀਂ ਕੋਈ ਐ ਮਿਤਰ ਸਜਣੋ, ਭਾਰੀ ਲੋੜ ਅੱਜ ਗੁਰਮਤਿ ਪ੍ਰਚਾਰ ਦੀ ਏ।



www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ–82]

## ਮਹਾਨ ਕਿਰਪਾ ਸਾਗਰ--ਪ੍ਰਭੂ

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥

(ਇਹ ਛੰਦ ਤੇਰੀ ਕਿਰਪਾ ਦੁਆਰਾ ਅੰਕਿਤ ਕਰਦਾ ਹਾਂ)

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥ ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥**

**ਸ਼ਬਦਾਰਥ**—ਕਰੁਣਾ = ਤਰਸ । ਕਰੁਣਾਲਯ = ਤਰਸ ਦਾ ਘਰ । ਖਲ = ਦੁਸ਼ਟ । ਖੰਡਨ = ਨਾਸ ਕਰਨ ਵਾਲਾ । ਅਰਿ = ਵੈਰੀ । ਘਾਲਯ = ਨਾਸ ਕਰਨ ਵਾਲਾ । ਮਹਿ = ਧਰਤੀ । ਮੰਡਨ = ਸਜਾਵਟ ।

**ਭਾਵਾਰਥ**-ਤੂੰ ਤਰਸ ਦਾ ਘਰ ਹੈਂ, ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ, ਦੁਸ਼ਟਾਂ ਨੂੰ ਸੰਘਾਰਨ ਵਾਲਾ ਹੈਂ ਅਤੇ ਧਰਤੀ ਦੀ ਸਜਾਵਟ ਹੈਂ ।

**ਕਾਵਿ ਭਾਵਾਰਥ**—

ਕਰੁਣਾ ਰਹਿਮ ਤੇ ਤਰਸ ਦਾ ਘਰ ਹੈਂ ਤੂੰ, ਵੈਰੀ ਦੁਸ਼ਮਨਾਂ ਨੂੰ ਨਾਸ ਕਰਨ ਵਾਲਾ ।
ਧਰਤੀ ਤਾਈਂ ਹੈਂ ਤੂੰਹੀਓਂ ਸਜਾਉਣ ਵਾਲਾ, ਦੁਸ਼ਟਾਂ ਪਾਪੀਆਂ ਦੇ ਤਾਈਂ ਹਰਨ ਵਾਲਾ ।

**ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥ ਕਲਿ ਕਾਰਨ ਹੈਂ ॥ ਸਰਬ ਉਬਾਰਨ ਹੈਂ ॥੧੭੨॥**

**ਸ਼ਬਦਾਰਥ**—ਜਗਤੇਸ੍ਵਰ = ਜਗਤ+ਈਸ਼ਵਰ = ਜਗਤ ਦਾ ਮਾਲਕ । ਪਰਮੇਸ੍ਵਰ = ਪਰਮ+ਈਸ਼ਵਰ, ਸਭ ਤੋਂ ਵਡਾ ਮਾਲਕ । ਕਲਿ = ਜੰਗ, ਜੁਧ । ਕਾਰਣ = ਰਚਣ ਵਾਲਾ । ਸਰਬ ਉਬਾਰਨ = ਸਭ ਨੂੰ ਬਚਾਣ ਵਾਲਾ ।

**ਭਾਵਾਰਥ**—ਤੂੰ ਜਗਤ ਦਾ ਸੁਆਮੀ ਹੈਂ, ਸਭ ਤੋਂ ਵਡਾ ਮਾਲਕ ਹੈਂ । ਸਭ ਜੰਗਾਂ ਦਾ ਛੇੜਨ ਵਾਲਾ ਵੀ ਤੂੰ ਹੈਂ ਤੇ ਸਭ ਦੀ ਰਖਿਆ ਕਰਨ ਵਾਲਾ ਵੀ ਤੂੰ ਹੈਂ ।

**ਕਾਵਿ ਭਾਵਾਰਥ**—

ਸਾਰੇ ਜਗਤ ਬ੍ਰਹਿਮੰਡ ਦਾ ਸੁਆਮੀ ਹੈਂ ਤੂੰ, ਤੇ ਸਰਬਤ ਸ਼ੋਮਣੀ ਮਾਲਕ ਵੀ ਏਂ ।
ਜੰਗ ਜੁਧ ਸਭ ਤੂਹੀਓਂ ਹੀ ਛੇੜਨਾ ਏਂ, ਸਭ ਦਾ ਰਖਕ ਨਾਲੇ ਖ਼ਾਲਕ ਪਾਲਕ ਵੀ ਏਂ ।

**ਧ੍ਰਿਤ ਕੇ ਧ੍ਰਣ ਹੈਂ ॥ ਜਗ ਕੇ ਕ੍ਰਣ ਹੈਂ ॥ ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥੧੭੩॥**

**ਸ਼ਬਦਾਰਥ**—ਧ੍ਰਿਤ = ਧਰਤੀ । ਧ੍ਰਣ = ਆਸਰਾ । ਕਰਣ = ਸਿਰਜਨਹਾਰ । ਮਨ ਮਾਨਿਯ = ਮਨ ਵਿਚ ਮੰਨਣ ਯੋਗ । ਜਗ ਜਾਨਿਯ = ਜਗਤ ਦੇ ਜੀਵਾਂ ਦੇ ਜਾਨਣ ਯੋਗ ।

**ਭਾਵਾਰਥ**—ਤੂੰ ਹੀ ਧਰਤੀ ਦਾ ਸਹਾਰਾ ਹੈਂ, ਸ੍ਰਿਸ਼ਟੀ ਦਾ ਰਚਣਹਾਰ ਵੀ ਤੂੰ ਹੀ ਹੈਂ। ਤੈਨੂੰ ਹੀ ਸਾਰੇ ਮਨ ਵਿਚ ਪੂਜਦੇ ਹਨ ਤੇ ਸਾਰੇ ਜਗਤ-ਜੀਵਾਂ ਲਈ ਤੂੰ ਹੀ ਜਾਣਨ ਯੋਗ ਹੈਂ ।



www.AKJ.Org

ਕਾਵਿ ਭਾਵਾਰਥ--

ਸਾਰੀ ਧਰਤੀ ਦਾ ਦਾਤਾ ! ਸਹਾਰਾ ਏਂ ਤੂੰ, ਸਾਰੀ ਸ੍ਰਿਸ਼ਟੀ ਦਾ ਤੂੰ ਰਚਨਹਾਰ ਵੀ ਏਂ ।
ਸਭ ਹੀ ਪੂਜਦੇ ਨੇ ਤੈਨੂੰ ਮਨਾਂ ਅੰਦਰ, ਸਾਰੇ ਜਗਤ ਦਾ ਤੂੰ ਜਾਣਨਹਾਰ ਵੀ ਏਂ ।

**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥ ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥**

ਸ਼ਬਦਾਰਥ–ਭਰ = ਪਾਲਣ ਵਾਲਾ । ਕਰ = ਪੈਦਾ ਕਰਨ ਵਾਲਾ । ਪਾਸਿਯ = ਪਾਸ, ਨੇੜੇ । ਨਾਸਯ = ਨਾਸ ਕਰਨ ਵਾਲਾ ।

ਭਾਵਾਰਥ–ਤੂੰ ਹੀ ਸਭ ਦਾ ਪਾਲਣਹਾਰ ਹੈਂ ਤੇ ਸਭ ਦਾ ਪੈਦਾ ਕਰਨ ਵਾਲਾ ਹੈਂ । ਸਭ ਦੇ ਨੇੜੇ ਅਥਵਾ ਅੰਗ ਸੰਗ ਹੈਂ ਅਤੇ ਸਭ ਦਾ ਨਾਸ ਕਰਨ ਵਾਲਾ ਹੈਂ ।

ਕਾਵਿ ਭਾਵਾਰਥ–

ਤੂ ਸੂਬਤਰ ਦਾ ਹੈਂ ਪੈਦਾ ਕਰਨ ਵਾਲਾ, ਨਾਲੇ ਸਾਰਿਆਂ ਦਾ ਪਾਲਣਹਾਰਾ ਵੀ ਏਂ ।
ਸਭ ਦੇ ਵਸੇਂ ਤੂ ਸਦਾ ਅੰਗ ਸੰਗ ਦਾਤਾ, ਨਾਲੇ ਸਭਸ ਦਾ ਸੋਧਣਹਾਰਾ ਵੀ ਏਂ ।

**ਕਰੁਣਾ ਕਰ ਹੈਂ ॥ ਬਿਸ੍ਵੰਭਰ ਹੈਂ ॥ ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥**

ਸ਼ਬਦਾਰਥ–ਕਰੁਣਾ ਕਰ = ਕਰੁਣਾ+ਕਰ = ਤਰਸ ਦੀ ਖਾਣ । ਕਰ = ਖਾਣ, ਸੋਮਾ । ਬਿਸ੍ਵੰਭਰ = ਬਿਸ੍ਵੰ+ਭਰ । ਬਿਸ੍ਵੰ = ਵਿਸ਼ਵ ਦਾ, ਸਾਰੇ ਜਗਤ ਦਾ । ਭਰ = ਮਾਲਕ । ਜਗਤੇਸ੍ਵਰ = ਜਗਤ+ਈਸ਼ਵਰ = ਜਗਤ ਦਾ ਸੁਆਮੀ ।

ਭਾਵਾਰਥ–ਤੂ ਰਹਿਮ ਤੇ ਤਰਸ ਦਾ ਸੋਮਾ ਹੈਂ, ਸਾਰੇ ਵਿਸ਼ਵ ਦਾ ਸੁਆਮੀ ਹੈਂ, ਸਭ ਦਾ ਮਾਲਕ ਹੈਂ ਅਤੇ ਸਾਰੇ ਜਗਤ ਦਾ ਪਾਲਣਹਾਰ ਹੈਂ ।

ਕਾਵਿ ਭਾਵਾਰਥ–

ਦਯਾ, ਰਹਿਮ, ਤੇ ਤਰਸ ਦਾ ਸੋਮਾ ਹੈਂ ਤੂ, ਨਾਲੇ ਸਾਰੇ ਸੰਸਾਰ ਦਾ ਮਾਲਕ ਵੀ ਏਂ ।
ਮੇਰੇ ਪ੍ਰਭੂ ! ਤੂ ਸਭ ਦਾ ਸੁਆਮੀ ਵੀ ਏਂ, ਅਤੇ ਸਾਰੀ ਸ੍ਰਿਸ਼ਟੀ ਦਾ ਪਾਲਕ ਵੀ ਏਂ ।

**ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥ ਪਰ ਤੇ ਪਰ ਹੈਂ ॥ ਕਰੁਣਾ ਕਰ ਹੈਂ ॥੧੭੬॥**

ਸ਼ਬਦਾਰਥ–ਬ੍ਰਹਿਮੰਡਸ = ਬ੍ਰਹਿਮੰਡਸਯ, ਬ੍ਰਹਿਮੰਡ ਦਾ ਮਾਲਕ । ਖਲ = ਦੁਸ਼ਟ । ਖੰਡਸ = ਟੋਟੇ ਟੋਟੇ ਕਰਨ ਵਾਲਾ, ਨਾਸ ਕਰਨ ਵਾਲਾ । ਪਰ ਤੇ ਪਰ = ਪਰੇ ਤੋਂ ਪਰੇ, ਵਡੇ ਤੋਂ ਵਡਾ ।

ਭਾਵਾਰਥ–ਤੂ ਬ੍ਰਹਿਮੰਡ ਦਾ ਸੁਆਮੀ ਹੈਂ, ਦੁਸ਼ਟਾਂ ਦਾ ਨਾਸ ਕਰਨ ਵਾਲਾ ਹੈਂ, ਪਰੇ ਤੋਂ ਪਰੇ ਹੈਂ । ਮਹਾਨ ਹੈਂ, ਦਯਾ ਦਾ ਸਾਗਰ ਹੈਂ ।

ਕਾਵਿ ਭਾਵਾਰਥ–

ਮਾਲਕ ਸੁਆਮੀ ਹੈਂ ਸਾਰੇ ਬ੍ਰਹਿਮੰਡ ਦਾ ਤੂ, ਨਾਲੇ ਨਾਸ਼ ਕਰਤਾ ਦੁਸ਼ਟਾਂ ਸਾਰਿਆਂ ਦਾ ।
ਵਡਾ ਵਡਿਆਂ ਤੋਂ, ਪਰਿਓਂ ਪਰੇ ਹੈਂ ਤੂ, ਦਯਾ, ਤਰਸ ਦਾ ਸੋਮਾ ਪਿਆਰਿਆਂ ਦਾ ।

**ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥ ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੭॥**

ਸ਼ਬਦਾਰਥ–ਅਜਪਾ ਜਪ = ਅਜਪ+ਅਜਪ = ਜਪਾਂ ਤੋਂ ਵੀ ਪਰੇ, ਜਪਾਂ ਦੀ ਪਹੁੰਚ ਤੋਂ ਪਰੇ । ਅਥਪਾ ਥਪ = ਜੋ ਥਾਪਿਆ ਨਾ ਜਾ ਸਕੇ । ਅਕ੍ਰਿਤਾ ਕ੍ਰਿਤ = ਅਕ੍ਰਿਤ+ਆਕ੍ਰਿਤ = ਜੋ ਕਿਸੇ ਦੀ ਕ੍ਰਿਤ ਨ ਹੋਵੇ,


www.AKJ.Org

ਕਿਸੇ ਦਾ ਬਣਾਇਆ ਹੋਇਆ ਨ ਹੋਵੇ, ਜਿਹੜਾ ਬਣਾਇਆ ਨ ਜਾ ਸਕੇ। ਅਮ੍ਰਿਤਾ ਮ੍ਰਿਤ = ਆਮ੍ਰਿਤ+ਆਮ੍ਰਿਤ, ਨ ਮਰਨ ਵਾਲਾ, ਸਦਾ ਅਬਿਨਾਸ਼ੀ।

**ਭਾਵਾਰਥ**—ਤੂੰ ਮੰਤ੍ਰਾਂ ਤੇ ਜਪਾਂ ਨਾਲ ਵਸ ਵਿਚ ਆਉਣ ਵਾਲਾ ਨਹੀਂ ਹੈਂ। ਨਾ ਹੀ ਤੇਨੂੰ ਅਸਥਾਪਨ ਹੀ ਕੀਤਾ ਜਾ ਸਕਦਾ ਹੈ। ਤੇਰੀ ਮੂਰਤੀ ਘੜੀ ਨਹੀਂ ਜਾ ਸਕਦੀ। ਤੂੰ ਸਦਾ ਅਮਰ ਹੈਂ।

**ਕਾਵਿ ਭਾਵਾਰਥ**—

ਜਪਾਂ ਮੰਤ੍ਰਾਂ ਤੋਂ ਦਾਤਾ ਪਰੇ ਹੈਂ ਤੂੰ, ਤੈਨੂੰ ਥਾਪ, ਟਿਕਾਇਆ ਨਹੀਂ ਜਾ ਸਕਦਾ।
ਤੂੰ ਅਮ੍ਰਿਤ ਹੈਂ, ਮ੍ਰਿਤੂ ਨ ਪੋਹੇ ਤੈਨੂੰ, ਤੈਨੂੰ ਘੜਿਆ ਬਣਾਇਆ ਨਹੀਂ ਜਾ ਸਕਦਾ।

**ਅਮ੍ਰਿਤਾ ਮ੍ਰਿਤ ਹੈਂ॥ ਕਰੁਣਾ ਕ੍ਰਿਤ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਧਰਣੀ ਧ੍ਰਿਤ ਹੈਂ॥੧੭੮॥**

**ਸ਼ਬਦਾਰਥ**—ਕਰੁਣਾ ਕ੍ਰਿਤ = ਕਰੁਣਾ+ਆਕ੍ਰਿਤ = ਕਰੁਣਾ ਦੀ ਆਕ੍ਰਿਤੀ, ਰਹਿਮ ਦੀ ਮੂਰਤ। ਧਰਣੀ ਧ੍ਰਿਤ = ਧਰਤੀ ਦਾ ਸਹਾਰਾ।

**ਭਾਵਾਰਥ**—ਤੂੰ ਅਮਰ ਹੈਂ, ਅਬਿਨਾਸ਼ੀ ਹੈਂ, ਰਹਿਮ ਤੇ ਤਰਸ ਦੀ ਮੂਰਤ ਹੈਂ। ਤੂੰ ਕਿਸੇ ਦਾ ਬਣਾਇਆ ਹੋਇਆ ਨਹੀਂ ਹੈਂ ਅਤੇ ਧਰਤੀ ਦਾ ਸਹਾਰਾ ਹੈਂ।

**ਕਾਵਿ ਭਾਵਾਰਥ**—

ਤੂੰ ਅਮਰ ਹੈਂ, ਕਦੇ ਨਹੀਂ ਮਰ ਸਕਦਾ, ਤਰਸ ਰਹਿਮ ਦਾ ਦਾਤਾ ਫੁਹਾਰਾ ਏਂ ਤੂੰ।
ਤੂੰ ਅਕ੍ਰਿਤ, ਬਣਿਆਂ ਅਪਣੇ ਆਪ ਹੀ ਹੈਂ, ਸਾਰੀ ਧਰਤੀ ਦਾ ਨ ਲੇ ਸਹਾਰਾ ਏਂ ਤੂੰ।

**ਅਮਿਤੇਸੂਰ ਹੈਂ॥ ਪਰਮੇਸੂਰ ਹੈਂ॥ ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥੧੭੯॥**

**ਸ਼ਬਦਾਰਥ**—ਅਮਿਤੇਸੂਰ = ਅਮਿਤ+ਈਸ਼ਵਰ, ਇਤਨਾ ਵਡਾ ਤੇ ਅਥਾਹ ਜੋ ਮਿਣਿਆ ਗਿਣਿਆ ਨਾ ਜਾ ਸਕੇ, ਅਥਾਹ ਸ਼ਕਤੀਵਾਨ।

**ਭਾਵਾਰਥ**—ਤੂੰ ਅਮਿਤ ਸ਼ਕਤੀ ਦਾ ਮਾਲਕ ਹੈਂ, ਸਭ ਤੋਂ ਵਡਾ ਸੁਆਮੀ ਹੈਂ, ਕਿਸੇ ਦਾ ਬਣਾਇਆ ਹੋਇਆ ਨਹੀਂ ਹੈਂ, ਅਮਰ ਹੈਂ ਤੇ ਅਬਿਨਾਸ਼ੀ ਹੈਂ।

**ਕਾਵਿ ਭਾਵਾਰਥ**—

ਹੇ ਅਣਮਿਣਤ ਸ਼ਕਤੀ-ਸੁਆਮੀ ਪ੍ਰਭੂ ਮੇਰੇ, ਪਰਮ ਈਸ਼ਵਰ ਪ੍ਰਭੂ ਦਾਤਾਰ ਮੇਰੇ।
ਮੂਰਤ ਤੇਰੀ ਨਹੀਂ ਕੋਈ ਬਣਾ ਸਕਦਾ, ਹੇ ਅਕ੍ਰਿਤ, ਤੂੰ ਅਮਰ, ਕਰਤਾਰ ਮੇਰੇ।

**ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ॥ ਨਰ ਨਾਇਕ ਹੈਂ॥ ਖਲ ਘਾਇਕ ਹੈਂ॥੧੮੦॥**

**ਸ਼ਬਦਾਰਥ**—ਅਜਬਾ ਕ੍ਰਿਤ = ਅਜਬ + ਆਕ੍ਰਿਤ = ਅਸਚਰਜ ਸਰੂਪ। ਨਾਇਕ = ਆਗੂ। ਖਲ = ਦੁਸ਼ਟ। ਘਾਇਕ = ਨਾਸ ਕਰਤਾ।

**ਭਾਵਾਰਥ**—ਤੇਰਾ ਸਰੂਪ ਅਜਬ ਹੈ, ਤੂੰ ਅਮਰ ਹੈਂ। ਤੂੰ ਮਨੁਖਾਂ ਦਾ ਆਗੂ ਹੈਂ ਤੇ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਹੈਂ।

**ਕਾਵਿ ਭਾਵਾਰਥ**—

ਅਜਬ ਰੂਪ ਤੇ ਗ਼ਜ਼ਬ ਸਰੂਪ ਤੇਰਾ, ਮਰਦਾ ਨਹੀਂ ਤੂੰ, ਅਮਰ ਹੈ ਰੂਪ ਤੇਰਾ।
ਤੂੰ ਨਾਇਕ ਹੈਂ ਸਾਰੀ ਮਨੁਖਤਾ ਦਾ, ਦੁਸ਼ਟਾਂ ਲਈ ਪਰ, ਨਾਸ਼ਕ ਸਰੂਪ ਤੇਰਾ।



www.AKJ.Org

ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥ ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੮੨॥

ਸ਼ਬਦਾਰਥ–ਬਿਸ੍ਵੰਭਰ = ਬਿਸ੍ਵੰ+ਭਰ । ਬਿਸ੍ਵੰ = ਸ੍ਰਿਸ਼ਟੀ । ਭਰ = ਪਾਲਕ । ਨ੍ਰਿਪ = ਰਾਜਾ । ਨਾਇਕ = ਆਗੂ,ਮਾਲਕ । ਪਾਇਕ = ਰਖਯਕ ।

ਭਾਵਾਰਥ–ਤੂੰ ਸਾਰੇ ਵਿਸ਼ਵ ਦਾ ਪਾਲਕ ਹੈਂ, ਦਯਾ ਦਾ ਸਮੁੰਦਰ ਹੈਂ, ਰਾਜਿਆਂ ਦਾ ਵੀ ਮਾਲਿਕ ਹੈਂ ਅਤੇ ਸਭ ਜੀਵਾਂ ਦਾ ਪਾਲਕ ਹੈਂ ।

ਕਾਵਿ ਭਾਵਾਰਥ–

ਸਾਗਰ ਦਯਾ ਦਾ ਤਰਸ ਦਾ ਘਰ ਏਂ ਤੂੰ, ਸਾਰੇ ਜਗਤ ਦਾ ਹੈਂ ਪਾਲਣਹਾਰ ਦਾਤਾ ।
ਤੂਹੀਓਂ ਸੁਆਮੀ ਹੈਂ ਸਰਬੱਤ ਰਾਜਿਆਂ ਦਾ, ਹਰ ਇਕ ਜੀਵ ਦਾ ਹੈਂ ਰਖਣਹਾਰ ਦਾਤਾ ।

ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥ ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੮੨॥

ਸ਼ਬਦਾਰਥ–ਭਵ = ਜਨਮ, ਸੰਸਾਰੀ ਜੀਵਨ । ਭੰਜਨ = ਨਾਸ ਕਰਨ ਵਾਲਾ । ਅਰਿ = ਵੈਰੀ । ਗੰਜਨ = ਜਿਤਣ ਵਾਲਾ । ਰਿਪੁ = ਵੈਰੀ । ਤਾਪਨ = ਤਪਾਉਣ ਵਾਲਾ । ਜਾਪਨ = ਜਪਾਉਣ ਵਾਲਾ ।

ਭਾਵਾਰਥ–ਤੂੰ ਜਨਮਾਂ ਤੋਂ ਮੁਕਤੀ ਦੇਣ ਵਾਲਾ, ਵੈਰੀਆਂ ਨੂੰ ਜਿਤਣ ਵਾਲਾ, ਦੁਸ਼ਮਨਾਂ ਨੂੰ ਦੁਖੀ ਕਰਨ ਵਾਲਾ ਤੇ ਆਪਣਾ ਜਾਪ ਜਪਾਉਣ ਵਾਲਾ ਹੈਂ ।

ਕਾਵਿ ਭਾਵਾਰਥ–

ਜਨਮ ਮਰਣ ਦੇ ਗੇੜ ਮੁਕਾਉਣ ਵਾਲੇ, ਤੂੰ ਹੈਂ ਵੈਰੀਆਂ ਤਾਈਂ ਹਰਾਣ ਵਾਲਾ ।
ਹੈਂ ਤਪ ਉਣ ਵਾਲਾ ਦੁਸ਼ਟਾਂ ਦੁਸ਼ਮਨਾਂ ਨੂੰ, ਨਾਲੇ ਆਪਣਾ ਨਾਮ ਜਪਾਉਣ ਵਾਲਾ ।

ਅਕਲੰਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥ ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੮੩॥

ਸ਼ਬਦਾਰਥ–ਅਕਲੰਕ੍ਰਿਤ = ਅ+ਕਲੰ ਕ੍ਰਿਤ = ਕਲੰਕ ਰਹਿਤ । ਸਰਬਾ ਕ੍ਰਿਤ = ਸਰਬ+ਆਕ੍ਰਿਤ = ਸੰਪੂਰਨ ਸਰੂਪ ਵਾਲਾ, ਜਿਸ ਦੇ ਸਰੂਪ ਵਿਚ ਕੋਈ ਦੋਸ਼ ਜਾਂ ਕਮੀ ਨ ਹੋਵੇ । ਕਰਤਾ ਕਰ = ਦਸੇ ਜਾਂਦੇ ਸ੍ਰਿਸ਼ਟੀ ਦੇ ਕਰਤਾ ਬ੍ਰਹਮਾ ਨੂੰ ਵੀ ਪੈਦਾ ਕਰਨ ਵਾਲਾ । ਹਰਤਾ ਹਰ = ਸੰਸਾਰ ਦਾ ਲੈ ਕਰਨ ਵਾਲੇ ਸ਼ਿਵਜੀ ਨੂੰ ਮਾਰਨ ਵਾਲਾ ।

ਭਾਵਾਰਥ–ਤੇਰਾ ਸਰੂਪ ਕਲੰਕ ਰਹਿਤ ਹੈ, ਤੂੰ ਸਾਰਿਆਂ ਦਾ ਰਚਨਹਾਰ ਹੈਂ, ਬ੍ਰਹਮਾ ਨੂੰ ਵੀ ਜਨਮ ਦੇਣ ਵਾਲਾ ਤੂੰ ਹੀ ਹੈਂ ਅਤੇ ਸ਼ਿਵ ਜੀ ਦੀ ਮੌਤ ਵੀ ਤੂਹੀ ਹੈਂ ।

ਕਾਵਿ ਭਾਵਾਰਥ–

ਤੇਰਾ ਰੂਪ ਕਲੰਕ ਤੋਂ ਰਹਿਤ ਪ੍ਰੀਤਮ, ਤੇਰਾ ਸਰਬ ਸੰਪੂਰਨ ਸਰੂਪ ਦਾਤਾ ।
ਬ੍ਰਹਮਾ ਤਾਈਂ ਤੂੰ ਹੀ ਪੈਦਾ ਕਰਨ ਵਾਲਾ, ਨਾਸ਼ਕ ਸ਼ਿਵ ਜੀ ਦਾ ਵੀ ਤੂੰ ਅਨੂਪ ਦਾਤਾ ।

ਪਰਮਾਤਮ ਹੈਂ ॥ ਸਰਬਾਤਮ ਹੈਂ ॥ ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੮੪॥

ਸ਼ਬਦਾਰਥ–ਪ੍ਰਮਾਤਮ = ਸਭ ਤੋਂ ਵਡਾ । ਸਰਬਾਤਮ = ਸਰਬ+ਆਤਮ = ਸਭ ਦੀ ਆਤਮਾ । ਆਤਮ ਬਸ = ਕੇਵਲ ਅਪਣੇ ਆਪ ਦੇ ਵਸ ਵਿਚ । ਜਸ ਕੇ ਜਸ = ਆਪਣੇ ਜਿਹਾ ਤੂੰ ਆਪ ਹੀ ਹੈਂ ।

ਭਾਵਾਰਥ–ਤੂੰ ਸਭ ਤੋਂ ਉਚਯ ਆਤਮਾ ਹੈਂ, ਸਭ ਜੀਵਾਂ ਦੀ ਆਤਮਾ ਵੀ ਤੂੰ ਹੀ ਹੈਂ । ਤੂੰ ਆਪਣੇ ਆਪ ਦੇ ਹੀ ਵਸ ਹੈਂ, ਆਪਣੇ ਜਿਹਾ ਬਸ ਤੂੰ ਹੀ ਹੈਂ ।

ਕਾਵਿ ਭਾਵਾਰਥ–

ਪਰਮ ਆਤਮਾ, ਉਚ ਸ੍ਰੇਸ਼ਟ ਦਾਤਾ, ਸਭ ਦੀ ਆਤਮਾ ਤੂੰ ਹੀ ਦਾਤਾਰ ਮੇਰੇ ।
ਤੂੰ ਹੈਂ ਆਪਣੇ ਆਪ ਦੇ ਵਸ ਅੰਦਰ, ਤੇਰੇ ਜਿਹਾ ਬਸ ਤੂੰ ਹੀ ਦਾਤਾਰ ਮੇਰੇ ।



www.AKJ.Org

# ਗੁਰਮਤਿ ਤੇ ਰੰਗ-ਮੰਚ

## (ਸਿਨੇਮਾ, ਟੈਲੀਵੀਜ਼ਨ ਆਦਿ)

(ਵਲੋਂ- ਗਿਆਨੀ ਜੀਤ ਸਿੰਘ ਜੀ, ਖਾਰ ਬੰਬਈ)

ਕੁਝ ਮਾਡਰਨ ਸਿਖਾਂ ਨੇ ਹੁਣ ਇਹ ਸੋਚਣਾ ਤੇ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਗੁਰਮਤਿ ਦਾ ਪਰਚਾਰ ਨੌਜਵਾਨਾਂ ਵਿਚ ਸਿਨੇਮਾ ਤੇ ਫ਼ਿਲਮਾਂ ਰਾਹੀਂ ਕੀਤਾ ਜਾਵੇ ਤਾਂ ਲਾਹੇਵੰਦਾ ਹੋਵੇਗਾ। ਰੰਗ ਬਰੰਗੀਆਂ ਫ਼ਿਲਮਾਂ, ਨਾਟਕ ਚੇਟਕ, ਡਰਾਮੇ ਤੇ ਫ਼ਿਲਮੀ ਤਰਜ਼ ਦੇ ਕੀਰਤਨ ਨਾਲ ਮਨੋਰੰਜਨ ਪੈਦਾ ਹੋਵੇਗਾ ਤਾਂ ਫਿਰ ਨੌਜਵਾਨ ਪ੍ਰੇਰਨਾ ਲੈ ਕੇ ਸਿਖੀ ਧਾਰਨ ਕਰਨਗੇ। ਇਨ੍ਹਾਂ ਲੋਕਾਂ ਦੇ ਭੁਲੇਖਿਆਂ ਨੂੰ ਦੂਰ ਕਰਨ ਲਈ ਕੁਝ ਵੀਚਾਰ ਦੇਣੇ ਜ਼ਰੂਰੀ ਹਨ।

ਜੋ ਗੱਲਾਂ ਗੁਰਮਤਿ ਦੇ ਬੁਨਿਆਦੀ ਅਸੂਲਾਂ ਦੇ ਹੀ ਵਿਰੁਧ ਹਨ, ਉਨ੍ਹਾਂ ਰਾਹੀਂ ਗੁਰਮਤਿ ਦਾ ਕੀ ਪਰਚਾਰ ਹੋਵੇਗਾ ?

ਮੁਸਲਮਾਨਾਂ ਵਿਚ ਤਸਵੀਰ-ਪੂਜਾ ਮਨ੍ਹਾ ਹੈ। ਕਦੇ ਕਿਸੇ ਮੁਸਲਮਾਨ ਨੇ ਹੀਆ ਨਹੀਂ ਕੀਤਾ ਕਿ ਹਜ਼ਰਤ ਮੁਹੰਮਦ ਸਾਹਿਬ ਦੀ ਜਾਂ ਕਿਸੇ ਨਬੀ ਰਸੂਲ ਦੀ ਤਸਵੀਰ ਜਾਂ ਕੋਈ ਫ਼ਿਲਮ ਆਦਿ ਬਣਾਈ ਹੋਵੇ। ਪਰ ਸਾਡੇ ਲੀਡਰ ਗੁਰਮਤਿ ਅਸੂਲਾਂ ਦੇ ਵਿਰੁਧ ਕਿਉਂ ਐਸਾ ਕਰਨ ਦੀ ਇਜਾਜ਼ਤ ਦੇ ਦਿੰਦੇ ਹਨ ?

ਭਾਰਤੀ ਸਾਹਿਤ ਵਿਚ ਨਾਟਕ ਦਾ ਇਤਿਹਾਸ ਬਹੁਤ ਪੁਰਾਣਾ ਹੈ। ਹਿੰਦੂ ਧਰਮ ਬੇਸ਼ਕ ਪਾਰਬ੍ਰਹਮ ਦਾ ਨਿਰਗੁਣ ਸਰੂਪ ਵੀ ਮੰਨਦਾ ਹੈ, ਪਰ ਨਾਲ ਹੀ ਪਾਰਬ੍ਰਹਮ ਨੂੰ ਅਵਤਾਰ ਰੂਪ ਵਿਚ ਮਨੁਖੀ ਸਰੀਰਾਂ ਵਿਚ ਆਇਆ ਮੰਨਦਾ ਹੈ। ਇਸ ਸਰਗੁਣ ਸਰੂਪ ਨੂੰ ਅਵਤਾਰ ਸਰੂਪ ਵਿਚ ਸਾਕਾਰ ਪ੍ਰਗਟ ਕਰਨ ਲਈ ਚਿੱਤਰ, ਤਸਵੀਰਾਂ, ਬੁੱਤ ਬਣਾ ਕੇ ਪੂਜਾ ਕੀਤੀ ਗਈ। ਫਿਰ ਸਹਿਜੇ ਸਹਿਜੇ ਰੰਗ-ਮੰਚ ਤੇ ਰਾਮ ਲੀਲ੍ਹਾ, ਕ੍ਰਿਸ਼ਨ ਲੀਲ੍ਹਾ ਤੇ ਰਾਸਧਾਰੀਆਂ ਨੇ ਅਨੇਕਾਂ ਢੰਗਾਂ ਨਾਲ ਸਵਾਂਗ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕੀਤੇ, ਜੋ ਸਮਾਂ ਪਾ ਕੇ ਰੰਗ ਮੰਚ ਤੇ ਸਾਧਾਰਨ ਪਾਤਰਾਂ ਦਾ ਰੂਪ ਹੋ ਨਿਬੜੇ ਤੇ ਲੋਕ ਫਿਰ ਸਾਧਾਰਨ ਭੇਖੀ ਪਾਤਰਾਂ ਨੂੰ ਹੀ ਪੂਜਣ ਲਗ ਪਏ।

ਆਸਾ ਦੀ ਵਾਰ ਵਿਚ ਰੋਜ਼ਾਨਾ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਰਾਹੀਂ ਨਿਤ ਕੰਨੀਂ ਅਵਾਜ਼ ਪੈਂਦੀ ਹੈ :—

ਵਾਇਨਿ ਚੇਲੇ ਨਚਨਿ ਗੁਰ ॥
ਪੈਰ ਹਲਾਇਨਿ ਫੇਰਨਿ ਸਿਰ ॥......
ਗਾਵਨਿ ਗੋਪੀਆਂ ਗਾਵਨਿ ਕਾਨ੍ ॥
ਗਾਵਨਿ ਸੀਤਾ ਰਾਜੇ ਰਾਮ ॥

ਇਹ ਸਭ ਕੁਝ ਸੱਚੇ ਰੱਬੀ ਪਿਆਰ ਵਿਚ ਵੀ ਨਹੀਂ ਕਰਦੇ, ਬਲਕਿ ਧੰਧੇ ਲਈ ਹੁੰਦਾ ਹੈ :—

ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

ਫਿਰ ਹੋਰ—

ਬੰਧਨ ਬੰਧਿ ਭਵਾਏ ਸੋਇ ॥
ਪਇਐ ਕਿਰਤਿ ਨਚੈ ਸਭੁ ਕੋਇ ॥
ਨਚਿ ਨਚਿ ਹਸਹਿ ਚਲਹਿ ਸੇ ਰੋਇ ॥
ਉਡਿ ਨ ਜਾਹੀ ਸਿਧ ਨ ਹੋਹਿ ॥
ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ॥੨॥

[ਆਸਾ ਦੀ ਵਾਰ, ਪੰਨਾ ੪੬੫

ਸੋ ਗੁਰੂ ਅਮਰਦਾਸ ਜੀ ਨੇ ਬਲੰਦ ਆਵਾਜ਼ ਵਿਚ ਕਿਹਾ ਹੈ :—

ਨਚਿਐ ਟਪਿਐ ਭਗਤਿ ਨ ਹੋਇ ॥

[ਗਉੜੀ ਮ: ੩, ਪੰਨਾ ੧੫੯

ਇਹ ਮਨ ਦਾ ਚਾਉ ਮਨੋਰੰਜਨ ਤਾਂ ਹੈ, ਪਰ ਆਤਮ-ਪ੍ਰਾਪਤੀ ਜਾਂ ਭਗਤੀ ਨਹੀਂ ਹੈ। ਜੋ ਮਹਾਨ



www.AKJ.Org

ਧਾਰਮਕ ਸਤਿਕਾਰ ਮਨ ਵਿਚ ਹੋਣਾ ਸੀ ਉਸ ਦੀ ਥਾਂ

"ਉਡਿ ਉਡਿ ਰਾਵਾ ਝਾਟੈ ਪਾਇ ॥
ਵੇਖੈ ਲੋਕੁ ਹਸੈ ਘਰਿ ਜਾਇ ॥"

ਦੀ ਹਾਲਤ ਬਣ ਜਾਂਦੀ ਹੈ।

ਪਾਰਬ੍ਰਹਮ ਦਾ ਸਾਕਾਰ ਰੂਪ ਤਾਂ ਕਿਸੇ ਵੇਖਿਆ ਨਹੀਂ ਹੁੰਦਾ। ਪੁਜਾਰੀਆਂ ਤੇ ਚਿਤ੍ਰਕਾਰਾਂ ਦੇ ਮਨ ਦੀ ਕਲਪਣਾ ਨੇ ਕਿਸੇ ਚਾਰ ਮੂੰਹਾਂ ਵਾਲਾ ਬ੍ਰਹਮਾ, ਸੁਰੱਸਤੀ, ਕਿਸੇ ਜਟਾਧਾਰੀ ਸ਼ਿਵਜੀ, ਕਿਸੇ ਸ਼ੇਰ ਦੀ ਸਵਾਰੀ ਕਰਾ ਕੇ ਦੈਂਤ-ਘਾਤਕ ਦੇਵੀ, ਤੇ ਕਿਸੇ ਮਨੁਖੀ ਸਰੀਰ ਉਪਰ ਹਾਥੀ ਦਾ ਸਿਰ ਥਪ ਕੇ ਗਨੇਸ਼ ਆਦਿ ਦੀਆ ਮੂਰਤੀਆਂ ਤੇ ਕਲਪਤ ਬੁੱਤ ਘੜ ਲਏ । ਜੈਸਾ ਇਸ਼ਟ ਵੈਸੀ ਉਪਾਸ਼ਨਾ। ਪੁਜਾ-ਰੀਆਂ ਦਾ ਸੁਭਾ ਤੇ ਰੂਪ ਵੀ ਵੈਸਾ ਹੁੰਦਾ ਗਿਆ। ਕੋਈ ਨਿਰਦਈ, ਜ਼ਾਲਮ, ਭਰਮੀ ਤੇ ਕਈ ਬੁਜ਼ਦਿਲ ਹੁੰਦੇ ਗਏ। ਹਰ ਮਨੁਖ ਨੇ ਆਪਣਾ ਦੇਵਤਾ ਆਪਣੀ ਮਰਜ਼ੀ ਦਾ ਵਖ ਵਖ ਥਾਪ ਲਿਆ ਤੇ ਵਿਖੇਪਤਾ ਵਧਦੀ ਗਈ । ਏਕਤਾ ਦੀ ਥਾਂ ਧਾਰਮਕ ਵਿਤਕਰੇ ਵਧਦੇ ਗਏ । ਹਰ ਮਨੁਖ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਵੈਸਾ ਦੇਵਤਾ ਚੁਣ ਕੇ ਥਾਪ ਲਿਆ ਤੇ ਪੂਜਾ ਕਰਨੀ ਸ਼ੁਰੂ ਕਰ ਦਿਤੀ। ਦੁਕਾਨਾਂ ਤੇ ਗਨੇਸ਼ ਅਥਵਾ ਲਕਛਮੀ ਦੀਆਂ ਤਸਵੀਰਾਂ ਲਗਾ ਕੇ ਮਾਇਆ ਦੀ ਪੂਜਾ ਕਰਨ ਵਾਲੇ ਫੁਲ ਸੇਹਰੇ ਤੇ ਧੂਪ ਦੀਪ ਰਾਹੀਂ ਪੂਜਾ ਕਰਨ ਲਗ ਪਏ ਤੇ ਇਸੇ ਤਰ੍ਹਾਂ ਹੋਰ ਦੇਵਤਿਆਂ ਆਦਿ ਨੂੰ ਪੂਜਿਆ ਜਾਣ ਲਗਾ।

ਹੈਰਾਨੀ ਤਾਂ ਅਜ ਕਈ ਸਿਖ ਦੁਕਾਨਾਂ ਤੇ ਵੀ ਵੇਖੋ ਵੇਖੀ ਐਸੀਆਂ ਤਸਵੀਰਾਂ, ਤੇ ਨਾਲ ਹੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਗੀਆਂ ਵੇਖ ਕੇ, ਹਾਰ ਪਏ ਵਖ ਕੇ ਹੁੰਦੀ ਹੈ, (ਖਾਸ ਕਰ ਬੰਬਈ ਵਿਖੇ)ਫ਼ੁੱਲਾਂ ਤੇ ਧੂਪ ਰਾਹੀਂ ਪੂਜਾ ਕੀਤੀ ਜਾਂਦੀ ਹੈ ਜੋ ਕਿ ਗੁਰਮਤਿ ਸਿਧਾਂਤਾਂ ਦੇ ਉਲਟ ਹੈ।

ਗੁਰਮਤਿ ਵੀਚਾਰਧਾਰਾ ਅਵਤਾਰਵਾਦ ਦੇ ਸਿਧਾਂਤ ਤ ਵਿਸ਼ਵਾਸ ਨਹੀਂ ਰਖਦੀ । ਗੁਰਮਤਿ ਅਨੁਸਾਰ ਈਸ਼ਵਰ ਨਿਰ-ਅਕਾਰ (ਨਿਰੰਕਾਰ) ਹੈ, ਜੋ ਕਦੇ ਸਰੀਰਕ ਅਵਤਾਰ ਧਾਰ ਕੇ ਸੰਸਾਰ ਤੇ ਨਹੀਂ ਆਉਂਦਾ। ਉਹ ਅਜਨਮੇ 'ਅਜੂਨੀ' ਹੈ। 'ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ' (੧੧੩੬)। ਜਿਥੇ ਉਹ 'ਅਗਮ' 'ਅਗੋਚਰ' 'ਅਲਖ' 'ਅਦਿਖ' ਹੈ ਉਥੇ ਉਸ ਜੋਤੀ ਸਰੂਪ ਦੀ ਜੋਤਿ ਹੀ ਸਭ ਵਿਚ ਚਾਨਣ ਦੇ ਰਹੀ ਹੈ ਤੇ ਬੋਲ ਰਹੀ ਹੈ:—'ਸਭੇ ਘਟ ਰਾਮ ਬੋਲੈ' (੯੮੮) । ਇਸ ਮਹਾਨ ਜੋਤਿ ਦਾ ਵਿਸ਼ੇਸ਼ ਰੂਪ ਵਿਚ ਪਰਕਾਸ਼ ਗੁਰੂ ਰੂਪ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਸਰੀਰ ਤੇ ਫਿਰ ਦਸਾਂ ਹੀ ਸਤਿਗੁਰੂਆਂ ਵਿਚ ਹੋਇਆ:—

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥

[ਆਸਾ ਦੀ ਵਾਰ, ਪੰਨਾ ੪੬੬

ਇਹ ਜੋਤਿ 'ਗੁਰ ਪਰਮੇਸ਼ਰ' ਰੂਪ ਵਿਚ ਸੀ, ਪਰ 'ਪਾਰਬ੍ਰਹਮ ਪਰਮੇਸ਼ਰ' ਰੂਪ ਨਹੀਂ ਸੀ। ਜਨਮ ਸਾਖੀ ਵਿਚ ਲਿਖਿਆ ਹੈ, ਮੇਰਾ ਨਾਮ 'ਪਾਰਬ੍ਰਹਮ ਪਰਮੇਸ਼ਰ' (ਹੇ ਗੁਰੂ ਨਾਨਕ) ਤੇਰਾ ਨਾਮ "ਗੁਰ ਪਰਮੇਸ਼ਰ"। ਦਸਮੇਸ਼ ਪਿਤਾ ਨੇ ਵੀ ਕਿਹਾ ਹੈ:—"ਮੈ ਹੋਂ ਪਰਮ ਪੁਰਖ ਕਉ ਦਾਸਾ।" "ਹਮ ਕਿਛੁ ਨਾਹੀ ਏਕੈ ਓਹੀ। ਆਗੈ ਪਾਛੈ ਏਕੋ ਸੋਈ।" ਸੋ ਇਹ ਜੋਤਿ "ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ" (੧੨੭੯)। ਤੇ ਏਹੋ ਜੋਤਿ ਹੁਣ ਸ਼ਬਦ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ।

ਕਈ ਸਵਾਲ ਕਰਦੇ ਹਨ ਕਿ ਜਿਸ ਦਾ ਰੂਪ ਹੀ ਕੋਈ ਨਾ ਦਿਸੇ, ਉਸ ਦਾ ਧਿਆਨ ਕਿਵੇਂ ਧਰੀਏ ਤੇ ਨਾਲ ਹੀ ਕਹਿੰਦੇ ਹਨ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ' (੮੬੪) ਵੀ ਲਿਖਿਆ ਹੈ।

ਇਸ ਦਾ ਉਤਰ ਦੇਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਗੁਰਮਤਿ ਅਨੁਸਾਰ ਗੁਰੂ ਕੌਣ ਹੈ ?

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ
ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ
ਮਹਿ ਰਹਿਆ ਸਮਾਇ ॥੧੩॥

[ਸੂਹੀ ਮ: ੪, ਪੰਨਾ ੭੫੯



www.AKJ.Org

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥
[ਭੈਰਉ ਮ: ੫, ਪੰਨਾ ੧੧੪੧

ਗੁਰੁ ਦਾਤਾ ਗੁਰੁ ਹਿਵੈ ਘਰੁ
ਗੁਰੁ ਦੀਪਕੁ ਤਿਹ ਲੋਇ ॥
[ਵਾਰ ਮਾਝ, ਪੰਨਾ ੧੩੭

ਕਰਣ ਕ ਰਣ ਸਮਰਥੁ ਗੁਰੁ ਮੇਰਾ ॥
ਜੀਅ ਪ੍ਰਾਣ ਸੁਖਦਾਤਾ ਨੇਰਾ ॥੧॥
[ਭੈਰਉ ਮ: ੫, ਪੰਨਾ ੧੧੪੯

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
[ਅ ਸਾ ਮ: ੫, ਪੰਨਾ ੩੯੪

ਭਾਈ ਰੇ ਹਰਿ ਹੀਰਾ ਗੁਰ ਮਾਹਿ ॥...ਰਹਾਉ॥
[ਸਿਰੀ ਰਾਗੁ ਮ: ੧, ਪੰਨਾ ੨੨

ਸੋ ਐਸੇ ਗੁਣਾਂ ਵਾਲਾ ਹੀ ਗੁਰੂ ਹੋ ਸਕਦਾ ਹੈ, ਜੋ ਸਦਾ ਮੇਰੇ ਨਾਲ ਹੈ, ਜੋ ਕਦੇ ਜੰਮਦਾ ਮਰਦਾ ਨਹੀਂ, ਜੋ ਨਿਰਵੈਰ ਪੁਰਖ ਹੈ, ਜੋ ਤਿੰਨਾਂ ਲੋਕਾਂ ਦਾ ਗਿਆਨ-ਦਾਤਾ ਹੈ ਤੇ ਕਰਣ ਕਾਰਣ ਸਮਰਥ ਹੈ।

"ਗੁਰੂ ਦੀ ਮੂਰਤ" ਦੇ ਹਰਗਿਜ਼ ਇਹ ਅਰਥ ਨਹੀਂ ਕਿ ਗੁਰੂ ਦੇ ਸਰੀਰ ਦਾ ਧਿਆਨ ਮਨ ਵਿਚ ਧਰਨਾ ਹੈ। ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਪੰਨਾ ੧੯੬ ਤੇ ਇਨ੍ਹਾਂ ਪ੍ਰਸ਼ਨਾਂ ਦੇ ਕੁਝ ਉਤਰ ਦਿਤੇ ਹਨ :—

ਪ੍ਰਸ਼ਨ ?

ਕਵਨ ਰੂਪੁ ਤੇਰਾ ਅਰਾਧਉ ॥
ਕਵਨ ਜੋਗੁ, ਕਾਇਆ ਲੈ ਸਾਧਉ ॥੧॥...
ਕਵਨ ਸੁ ਪੂਜਾ ਤੇਰੀ ਕਰਉ ॥
ਕਵਨ ਸੁ ਬਿਧਿ ਜਿਤੁ ਭਵਜਲ ਤਰਉ ॥੨॥

ਉੱਤਰ :—

ਗੁਣ ਪੂਜਾ ਗਿਆਨ ਧਿਆਨ ਨਾਨਕ ਸਗਲ
ਘਾਲ ॥ ਜਿਸੁ ਕਰਿ ਕਿਰਪਾ ਸਤਿਗੁਰੁ
ਮਿਲੈ ਦਇਆਲ ॥੪॥੩੬॥੧੦੫॥

ਪ੍ਰਸ਼ਨ ਹੈ ਕਿ ਕਿਸ ਦੀ ਪੂਜਾ ਕਰਨੀ, ਧਿਆਨ ਧਰਨਾ ਤੇ ਕਿਵੇਂ ਸਰੀਰ-ਸਾਧਨਾ ਆਦਿ ਕੀਤੀ ਜਾਵੇ, ਜਿਸ ਨਾਲ ਇਸ ਸੰਸਾਰ ਤੋਂ ਪਾਰ ਹੋਵਾਂ। ਗੁਰੂ ਜੀ ਨੇ ਉਤਰ ਦਿਤਾ ਹੈ ਕਿ ਗੁਰੂ-ਉਪਦੇਸ਼ ਗਿਆਨ ਰਾਹੀਂ ਗੁਣਾਂ ਦਾ ਧਿਆਨ ਧਰਨਾ ਹੈ, ਇਹੋ ਘਾਲ ਕਰਨੀ ਹੈ। ਹੋਰ ਕਿਹਾ ਹੈ ਕਿ 'ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ' (੮੭੯)। ਧਿਆਨ ਵਾਹਿਗੁਰੂ ਸ਼ਬਦ (ਜਪਣ-ਉਚਾਰਨ) ਦੀ ਧੁੰਨੀ ਵਿਚ ਜੋੜਨਾ ਹੈ। ਹੋਰ ਕੋਈ ਪੂਜਾ ਜਾਂ ਕਿਸੇ ਸਰੀਰ, ਬੁੱਤ ਤਸਵੀਰ ਦਾ ਧਿਆਨ ਨਹੀਂ ਧਰਨਾ। ਉਪਰ ਦਸਿਆ ਜਾ ਹੀ ਚੁਕਾ ਹੈ ਕਿ ਸਰੀਰ ਤਾਂ ਪਰਮਾਤਮਾ ਦਾ ਹੋ ਹੀ ਨਹੀਂ ਸਕਦਾ ਕਿਉਂਕਿ 'ਮਾਨੁਖ ਕਾ ਕਰਿ ਰੂਪੁ ਨ ਜਾਨੁ' (੮੯੫)। ਸੋ ਕਿਸੇ ਵੀ ਬੁੱਤ, ਚਿੱਤਰ, ਤਸਵੀਰ ਜਾਂ ਸਵਾਂਗ ਆਦਿ ਦਾ ਧਿਆਨ ਧਰਨਾ ਜਾਂ ਗੁਰੂ ਰੂਪ ਸਤਿਕਾਰ ਕਰਨਾ ਸਿਖ ਅਸੂਲਾਂ ਦੇ ਉਲਟ ਹੈ।

ਕਈ ਸੰਤਾਂ ਨੇ ਆਪਣੇ ਚੇਲਿਆਂ ਨੂੰ ਧਿਆਨ ਟਿਕਾਉਣ ਦੇ ਬਹਾਨੇ ਆਪਣੀਆਂ ਜਾਂ ਸਤਿਗੁਰਾਂ ਦੀਆਂ ਵੀ ਤਸਵੀਰਾਂ ਰਖਣ ਵਲ ਲਗਾ ਦਿਤਾ ਹੈ ਕਿ ਇਸ ਤਰ੍ਹਾਂ ਸਾਹਮਣੇ ਰਖਣ ਨਾਲ ਗੁਰੂ ਦੇ ਸਰੂਪ ਤੇ ਧਿਆਨ ਸੌਖਾ ਟਿਕਦਾ ਹੈ।

ਅਸਲ ਵਿਚ ਵੇਖਿਆ ਜਾਵੇ ਤਾਂ "ਧਿਆਨ" ਅੰਦਰ ਦੀ ਚੀਜ਼ ਹੈ। ਜੇ ਮਨ ਅੰਦਰ ਵੇਖਣ (ਅੰਤਰ ਮੁਖੀ ਹੋਣ ਦਾ ਅਭਿਆਸ ਕਰੇ ਤਾਂ ਹੀ ਸੌਖਾ ਇਕਾਗਰ ਹੁੰਦਾ ਹੈ। ਅਖਾਂ ਕੰਨ ਆਦਿ ਇੰਦਰੇ ਫਾਟਕ ਹਨ, ਜਿਨ੍ਹਾਂ ਦੇ ਖੁਲ੍ਹਿਆਂ ਮਨ ਵਧੇਰੇ ਉਡੇਗਾ। ਹਾਂ ਮਨ ਨਾਲ ਜੂਝਣ ਲਈ ਇਸ ਨੂੰ ਕਿਸੇ ਆਹਰੇ ਲਾਉਣਾ ਜ਼ਰੂਰੀ ਹੈ ਤੇ ਉਹ ਹੈ ਸਵਾਸ ਸਵਾਸ ਨਾਮ ਜਪਣਾ। ਗੁਰ ਹੁਕਮ ਹੈ—

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ
ਸਮ੍ਹਾਰੇ ॥ ਸਾਸੁ ਸਾਸੁ ਜਾਇ ਨਾਮੈ ਬਿਨੁ ਸੋ
ਬਿਰਥਾ ਸਾਸੁ ਬਿਕਾਰੇ ॥੭॥
[ਨਟ ਅਸਟ: ਮ: ੪, ਪੰਨਾ ੯੮੧

ਨਾਮ ਦੇ ਜਾਪ ਤੋਂ ਉਤਪੰਨ ਹੋਈ ਧੁਨੀ ਵਿਚ ਧਿਆਨ ਨੂੰ ਜੋੜਨਾ ਹੈ। ਇਸ ਅਭਿਆਸ ਨੂੰ ਲਗਾਤਾਰ ਜਾਰੀ ਰਖਣਾ ਹੈ, ਜਦ ਤਾਈਂ ਕਿ "ਰਸਨਾ ਗੀਧੀ ਬੋਲਤ ਰਾਮ" ਦੀ ਅਵਸਥਾ ਨਹੀਂ ਬਣ ਜਾਂਦੀ।


www.AKJ.Org

ਫਿਰ ਇਹ ਕਾਰ-ਆ-ਮੁਹਾਰੀ ਜਾਰੀ ਰਹੇਗੀ।

ਕਈ ਪ੍ਰਸ਼ਨ ਕਰਦੇ ਹਨ ਕਿ ਗੁਰੂ ਜੋਤਿ ਦਸਾਂ ਜਾਮਿਆਂ ਵਿਚ ਆਈ ਤਾਂ ਅਸੀਂ ਸਰੀਰਾਂ ਦਾ ਵੀ ਸਤਿਕਾਰ ਕਰਦੇ ਸਾਂ। ਜੇ ਹੁਣ ਵੀ ਉਨ੍ਹਾਂ ਸਰੀਰਾਂ ਦੇ ਚਿਤਰ, ਤਸਵੀਰਾਂ ਜਾਂ ਬੁੱਤਾਂ ਦਾ ਸਤਿਕਾਰ ਕੀਤਾ ਜਾਵੇ ਜਾਂ ਮੱਥਾ ਟੇਕਿਆ ਜਾਵੇ ਜਾਂ ਪੂਜਾ ਕੀਤੀ ਜਾਵੇ ਤਾਂ ਕੀ ਡਰ ਹੈ ?

ਉਤਰ ਵਿਚ ਬੇਨਤੀ ਹੈ ਕਿ ਜਿਨ੍ਹਾਂ ਸਰੀਰਾਂ ਦਾ ਸਿਖ ਸਤਿਕਾਰ ਕਰਦੇ ਤੇ ਮੱਥਾ ਟੇਕਦੇ ਸਨ ਉਨ੍ਹਾਂ ਸਰੀਰਾਂ ਵਿਚ ਗੁਰੂ ਜੋਤਿ ਮੌਜੂਦ ਹੁੰਦੀ ਸੀ, ਪਰ ਹੁਣ ਤਸਵੀਰ, ਬੁੱਤ ਜਾਂ ਚਿੱਤਰ ਵਿਚ ਤਾ ਨਹੀਂ।

ਗੁਰੂ ਹੁਕਮ ਹੈ :

ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ
ਅਜਾਂਈ ਜਾਇ ॥੧॥...
ਨ ਪਾਥਰੁ ਬੋਲੈ ਨ ਕਿਛੁ ਦੇਇ ॥ ਫੋਕਟ
ਕਰਮ ਨਿਹਫਲ ਹੈ ਸੇਵ ॥੨॥

[ਮਹਲਾ ੫, ਪੰਨਾ ੧੧੬੦

ਸੋ ਬੁੱਤਾਂ ਤਸਵੀਰਾਂ ਨੂੰ ਮੱਥਾ ਟੇਕਣਾ ਮਨਮਤਿ ਹੈ। ਫਿਰ ਜਿੰਨੀਆਂ ਵੀ ਤਸਵੀਰਾਂ ਗੁਰੂ ਸਾਹਿਬਾਨ ਦੀਆਂ ਹਨ, ਸਭ ਮਨੋ-ਕਲਪਤ ਹਨ। ਭਾਵੇਂ ਉਹ ਕਿਸੇ ਵਡੀ ਕਮੇਟੀ ਨੇ ਹੀ ਕਿਉਂ ਨਾ ਛਾਪੀ ਹੋਵੇ, ਮਨੋ-ਕਲਪਤ ਹੀ ਹੈ। ਕਿਉਂਕਿ ਸਤਿਗੁਰਾਂ ਨੇ ਕੋਈ ਸਰੀਰਕ ਚਿੱਤਰ ਜਾਂ ਤਸਵੀਰ ਬਨਾਉਣ ਦੀ ਆਗਿਆ ਨਹੀਂ ਦਿਤੀ ਸੀ। ਗੁਰੂ ਹੁਕਮ ਹੈ—

"ਗੁਰ ਮੂਰਤਿ ਗੁਰ ਸ਼ਬਦ ਹੈ", ਜੋ ਕਿ ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪ ਵਿਚ "ਗੁਰੂ ਜੋਤਿ" ਹਨ ਤੇ ਸਾਰਾ ਸਿਖ-ਸੰਸਾਰ ਸਤਿਕਾਰ ਕਰਦਾ ਹੈ।

ਗੁਰਮਤਿ ਅਨੁਸਾਰ ਕਿਸੇ ਵੀ ਸਰੀਰ, ਚਿੱਤਰ, ਤਸਵੀਰ, ਬੁੱਤ ਨੂੰ ਰੰਗ-ਮੰਚ, ਥੀਏਟਰ ਸਿਨਮੇ-ਘਰਾਂ ਵਿਚ ਜਾਂ ਕਿਸੇ ਜੀਂਦੇ ਮਨੁੱਖ ਰਾਹੀਂ ਸਵਾਂਗ ਧਾਰ ਕੇ ਗੁਰੂ ਸਾਹਿਬਾਨ, ਸ਼ਹੀਦਾਂ ਜਾਂ ਗੁਰਸਿਖਾਂ ਦੀ ਨਕਲ ਲਈ ਪੇਸ਼ ਕਰਨਾ ਮਨਮਤਿ ਹੈ ਤੇ ਜਿਸ ਦੀ ਆਗਿਆ ਨਹੀਂ ਹੋਣੀ ਚਾਹੀਦੀ।

ਕਈ ਫ਼ਿਲਮਾਂ, ਨਾਟਕਾਂ, ਡਰਾਮੇ ਖੇਡਣ ਵਾਲੇ ਸਿਖ ਇਤਿਹਾਸ ਨੂੰ ਆਧਾਰ ਬਣਾ ਕੇ ਸਿਖ ਸ਼ਹੀਦਾਂ ਜਾਂ ਗੁਰਸਿਖਾਂ ਨੂੰ ਪਾਤਰ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਹ ਨਕਲ ਰਾਸਾਂ ਪਾਉਣ ਵਾਲੇ ਮੁੰਡੇ ਤੇ ਅਜ ਕਲ੍ਹ ਦੇ ਐਕਟਰ, ਗੁਰਸਿਖਾਂ ਦਾ ਰੋਲ ਕਰਦੇ ਹਨ ਜਾਂ ਬੈਕ-ਗਰਾਉਂਡ ਤੋਂ ਆਵਾਜ਼ ਦੇਂਦੇ ਹਨ। ਇਹ ਸਿਖ ਸ਼ਹੀਦਾਂ, ਗੁਰ ਸਿਖਾਂ ਦੀ ਮਹਾਨ ਹਤਕ ਹੈ।

ਕਈ ਫ਼ਿਲਮਾਂ, ਨਾਟਕਾਂ, ਡਰਾਮਿਆਂ ਵਾਲੇ ਪਰਦੇ ਪਿਛੇ ਗੁਰੂ ਰੂਪ ਵਿਖਾਉਂਦੇ ਹਨ ਤੇ ਲੋਕ ਮੱਥੇ ਟੇਕਦੇ ਹਨ ਜਾਂ ਬੋਲ ਬੁਲਵਾਂਦੇ ਹਨ। ਕਈ ਸ਼ਰਧਾਵਾਨ ਸਿਖ, ਅਜਿਹੇ ਸੀਨਾਂ ਸਮੇਂ ਜਾਂ ਹੋਰ ਸਿਖਾਂ ਦੇ ਰੋਲਾਂ ਸਮੇਂ ਹੋਈਆਂ ਅਲੌਕਿਕ ਘਟਨਾਵਾ ਵੇਖ ਕੇ ਸਿਨਮੇ ਹਾਲਾਂ ਵਿਚ ਹੀ ਮੱਥੇ ਟੇਕਦੇ ਹਨ (ਜਿਵੇਂ ਸੁਣਿਆ ਸੀ ਪਹਿਲੀ ਫ਼ਿਲਮ "ਨਾਨਕ ਨਾਮ ਜਹਾਜ਼" ਦੇ ਸਕਰੀਨ ਸਮੇਂ ਕਈ ਨੰਗੇ ਪੈਰੀਂ ਸਿਨਮੇ ਜਾਂਦੇ ਤੇ ਜੋਤਿ ਨੂੰ ਸੱਚੀ ਜੋਤਿ ਸਮਝ ਕੇ ਮਥੇ ਟੇਕਦੇ ਵੇਖੇ ਗਏ)।

ਸੋ ਇਹ ਬੀਮਾਰੀ ਜੇ ਇਸੇ ਤਰ੍ਹਾਂ ਵਧਣ ਦਿਤੀ ਗਈ ਤਾਂ ਸਿਖ ਕੌਮ ਨੂੰ ਬੁੱਤ-ਪੂਜਾ ਵਲ ਧਕੇਲ ਦੇਵੇਗੀ ਤੇ ਇਨ੍ਹਾਂ ਫ਼ਿਲਮਾਂ ਵਾਲਿਆਂ ਦਾ ਅਗਲਾ ਕਦਮ ਗੁਰੂ ਤੇ ਸਿਖ ਨੂੰ ਸਟੇਜ ਤੇ ਪੇਸ਼ ਤਕ ਕਰ ਦੇਣ ਦਾ ਹੀ ਹੋਵੇਗਾ।

ਗੁਰਮਤਿ ਦੇ ਧਾਰਨੀ ਪ੍ਰੇਮੀ ਸਿਖਾਂ ਨੂੰ ਚਾਹੀਦਾ ਹੈ ਕਿ ਇਸ ਬੀਮਾਰੀ ਨੂੰ ਕਰੜੇ ਹੱਥਾਂ ਨਾਲ ਰੋਕਣ ਦਾ ਉਪਰਾਲਾ ਕਰਨ, ਤਾਂ ਜੁ ਅਗੋਂ ਕੋਈ ਹੋਰ ਹੀਆ ਹੀ ਨ ਕਰੇ। ਇਸ ਵੇਲੇ ਕਈ ਫ਼ਿਲਮਾਂ ਦਾ ਨਿਰਮਾਣ ਬੰਬਈ ਅੰਦਰ ਹੋ ਰਿਹਾ ਹੈ ਜਿਸ ਲਈ ਦਾਸ ਸੁਚੇਤ ਕਰਦਾ ਹੈ। ਦਾਸ ਦੀ ਬੇਨਤੀ ਹੈ ਕਿ ਗੁਰੂ ਸਾਹਿਬਾਨ ਦੇ ਚਿਤਰ ਉਲੀਕਣੇ, ਗੁਰੂ ਸਾਹਿਬਾਨ ਨੂੰ ਬਤੌਰ ਪਾਤਰ, ਨਾਟਕ, ਰੰਗ ਮੰਚ, ਸਿਨੇਮਾ, ਥੀਏਟਰ, ਟੀ.ਵੀ. ਆਦਿ ਤੇ ਪੇਸ਼ ਕਰਨਾ ਸਖ਼ਤੀ ਨਾਲ ਬੰਦ ਹੋਣਾ ਚਾਹੀਦਾ ਹੈ। ਸਤਿਗੁਰਾਂ ਦੀਆਂ ਤਸਵੀਰਾਂ ਦੀ ਘਰਾਂ, ਦੁਕਾਨਾਂ ਜਾਂ ਗੁਰਦਵਾਰਿਆਂ ਵਿਚ ਪੂਜਾ ਕਰਨੀ, ਸਿਹਰੇ, ਧੂਪ ਆਦਿ ਕਰਨੀ



www.AKJ.Org

ਨਹੀਂ ਹੋਣੀ ਚਾਹੀਦੀ। ਏਸੇ ਤਰ੍ਹਾਂ ਇਨ੍ਹਾਂ ਤਸਵੀਰਾਂ ਦੀ ਛਪਾਈ ਤੇ ਵਿਕਰੀ ਬੰਦ ਹੋਣੀ ਚਾਹੀਦੀ ਹੈ। ਗੁਰਸਿਖ ਸ਼ਹੀਦਾਂ ਤੇ ਮਹਾਨ ਗੁਰਸਿਖ ਹਸਤੀਆਂ ਨੂੰ ਵੀ ਨਾਟਕ, ਡਰਾਮੇ, ਰੰਗ ਮੰਚ ਆਦਿ ਕਿਸੇ ਸ਼ਕਲ ਵਿਚ ਪੇਸ਼ ਕਰਨ ਦੀ ਆਗਿਆ ਨਹੀਂ ਹੋਣੀ ਚਾਹੀਦੀ ਜਾਂ ਇਸ ਤਰ੍ਹਾਂ ਦੀਆਂ ਫ਼ਿਲਮਾਂ ਬਣਾਣੀਆਂ ਸਖਤੀ ਨਾਲ ਬੰਦ ਹੋਣੀਆਂ ਚਾਹੀਦੀਆਂ ਹਨ।

ਹੋਰ ਦੂਸਰੀ ਬੇਨਤੀ ਹੈ ਕਿ ਫ਼ਿਲਮੀ ਤਰਜ਼ਾਂ ਤੇ ਚੰਚਲਤਾਈ ਨਾਲ ਕੀਤਾ ਕੀਰਤਨ ਨਹੀਂ ਹੋਣਾ ਚਾਹੀਦਾ। ਸਿਨਮੇ ਹਾਲਾਂ ਵਿਚ ਬੈਠਿਆਂ ਕਦੇ ਆਤਮਕ ਰਸ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਜਿਨ੍ਹਾਂ ਦਾ ਇਹ ਵੀਚਾਰ ਹੈ ਕਿ ਸਿਨੇਮਾ ਤੇ ਫ਼ਿਲਮਾਂ ਰਾਹੀਂ ਨੌਜਵਾਨ ਪ੍ਰੇਰਨਾ ਲੈਣਗੇ ਉਨ੍ਹਾਂ ਨੂੰ ਭਾਰੀ ਭੁਲ ਹੈ। ਮਨੁਖੀ ਸੁਭਾ ਹੈ ਕਿ ਗੁਣ ਤਾਂ ਔਖਾ ਗ੍ਰਹਿਣ ਕਰੇਗਾ, ਪਰ ਔਗਣ ਜਲਦੀ ਗ੍ਰਹਿਣ ਕਰਦਾ ਹੈ। ਬੱਚਿਆਂ ਨੂੰ ਪੜ੍ਹਾਉਣ ਲਈ ਤਾਂ ਸਕੂਲ ਹਨ, ਪਰ ਗਾਹਲਾਂ ਉਹ ਬਿਨਾਂ ਸਕੂਲਾਂ ਦੇ ਹੀ ਸਿਖ ਜਾਂਦੇ ਹਨ। ਸੋ ਸਿਨਮਿਆਂ ਰਾਹੀਂ ਮਨੋਰੰਜਨ ਤਾਂ ਭਾਵੇਂ ਲੈ ਲੈਣਗੇ, ਪਰ ਗੁਰਮਤਿ ਨਹੀਂ ਸਿਖੀ ਜਾ ਸਕਦੀ।

ਗੁਰਮਤਿ ਆਤਮਕ ਵਸਤੂ ਹੈ, ਜਿਸ ਲਈ ਆਤਮਕ ਵਾਤਾਵਰਨ ਹੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਸਾਧ ਸੰਗਤ ਵਿਚ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ, ਨਾ ਕਿ ਸਿਨਮੇ ਹਾਲਾਂ ਵਿਚ। ਫਿਰ ਆਤਮਕ ਵਸਤੂ ਨਾਮ ਅਭਿ-ਆਸੀਆਂ, ਕਥਨੀ ਕਰਨੀ ਤੇ ਰਹਿਣੀ ਬਹਿਣੀ ਵਿਚ ਪੂਰੇ ਗੁਰਸਿਖਾਂ ਦੀ ਸੰਗਤ ਵਿਚੋਂ ਮਿਲ ਸਕਦੀ ਹੈ, ਨਾ ਕਿ ਆਚਰਨਹੀਣ ਇਨ੍ਹਾਂ ਐਕਟਰਾਂ ਐਕਟਰੈਸਾਂ ਪਾਸੋਂ, ਜੋ ਨਕਲੀ ਦਾੜ੍ਹੀਆਂ ਲਾ ਕੇ ਤੇ ਸਵਾਂਗ ਧਾਰੀ ਬਹੁ ਰੂਪੀਏ ਬਣ ਕੇ ਸਟੇਜ ਤੇ ਪੇਸ਼ ਹੁੰਦੇ ਹਨ। ਇਵੇਂ ਹੀ ਇਨ੍ਹਾਂ ਬੈਕ-ਸਿੰਗਰਾਂ, ਪਤਿਤ ਤੂੰਬੀ ਵਾਲਿਆਂ ਪਾਸੋਂ ਜਾਂ ਰੇਡੀਉ-ਆਰਟਿਸਟਾਂ ਪਾਸੋਂ ਕਰਵਾਏ ਕੀਰਤਨ ਭਾਵੇਂ ਉਹ ਗੁਰਦਵਾਰੇ ਵਿਚ ਜਾਂ ਗੁਰਪੁਰਬਾਂ ਸਮੇਂ ਜਾਂ ਹੋਰ ਅਸਥਾਨਾਂ ਤੇ ਹੋਵੇ, ਏਹੋ ਜਿਹਾ ਹੀ ਅਸਰ ਹੈ। ਹਮੇਸ਼ਾਂ ਸਰੋਤੇ ਤੇ ਦਰਸ਼ਕ ਉਤੇ ਬੋਲਣ ਵਾਲੇ ਦੇ ਉਚੇ ਸੁਚੇ ਆਚਰਣ ਤੇ ਕਥਨੀ ਕਰਨੀ ਦਾ ਅਸਰ ਪੈਂਦਾ ਹੈ।

ਸੋ ਪਿਆਰਿਉ ਧਿਆਨ ਦਿਉ—

"ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥"

ਰਹਿਤਵਾਨ ਦਰਸ਼ਨੀ ਗੁਰਸਿਖਾਂ ਨੂੰ ਤਾਂ ਸਿਨਮੇ ਅੰਦਰ ਜਾਂਦਿਆਂ ਵੀ ਲਾਜ ਆਉਂਦੀ ਹੈ। ਜਿਥੇ ਕੁਕਰਮਾਂ ਤੇ ਸਿਗਰਟਾਂ ਦੇ ਧੂੰਏਂ ਦੀ ਹੀ ਵਾਤਾਵਰਨ ਹੁੰਦਾ ਹੈ। ਸੋ ਬੇਨਤੀ ਹੈ ਕਿ ਐਸੀਆਂ ਸਿਖ ਫ਼ਿਲਮਾਂ ਕਦੇ ਨਹੀਂ ਬਣਨ ਦੇਣੀਆਂ ਚਾਹੀਦੀਆਂ ਤੇ ਨਾ ਹੀ ਇਨ੍ਹਾਂ ਨਾਲ ਸਿਖੀ ਪ੍ਰਚਾਰ ਹੋਵੇਗਾ।

---

**ਪਾਠਕਾਂ ਪ੍ਰਤੀ ਬੇਨਤੀਆਂ—** ੧. ਅਸੀਂ ਹਰ ਮਹੀਨੇ ਸਾਰੇ ਐਡਰੈਸ ਰਜਿਸਟਰ ਨਾਲ ਚੈਕ ਕਰ ਕੇ, ਸਭ ਪਾਠਕਾਂ ਨੂੰ ਪਰਚੇ ਭੇਜਦੇ ਹਨ। ਡਾਕਖ਼ਾਨੇ ਦੀ ਅਣਗਹਿਲੀ ਕਾਰਨ ਕਈ ਪਰਚੇ ਗੁੰਮ ਜਾਂਦੇ ਹਨ। ਜਿਨ੍ਹਾਂ ਸਜਣਾਂ ਦਾ ਪਰਚਾ ਗੁੰਮ ਹੋ ਜਾਵੇ ਅਤੇ ਮਹੀਨੇ ਦੇ ਅਧ ਤਕ ਨਾ ਮਲੇ, ਉਹ ਉਸੇ ਮਹੀਨੇ ਵਿਚ ਹੋਰ ਪਰਚਾ ਮੰਗ ਭੇਜਣ। ਪਿਛਲੇ ਮਹੀਨਿਆਂ ਦੇ ਪਰਚੇ ਮਿਲਣੇ ਔਖੇ ਹਨ।

੨. ਆਪਣਾ ਚੰਦਾ ਇਤਲਾਹ ਪੁਜਣ ਸਾਰ ਭੇਜ ਦਿਓ। ਪਰਚਾ ਬੰਦ ਹੋ ਜਾਣ ਅਤੇ ਮੁੜ ਜਾਰੀ ਕਰਨ ਵਿਚ ਕਾਫ਼ੀ ਕਟ ਵਧ ਕਰਨੀ ਪੈਂਦੀ ਹੈ।

੩. ਮਨੀਆਰਡਰ ਕਰਾਉਣ ਦੀ ਘੌਲ ਕਾਰਨ ਕਈ ਸਜਣਾਂ ਦੇ ਪਰਚੇ ਕੁਝ ਚਿਰ ਲਈ ਬੰਦ ਹੋ ਜਾਂਦੇ ਹਨ। ਅਜਿਹੇ ਸਜਣ ਇਕੋ ਵਾਰ ਸੋ ਰੁਪਿਆ ਭੇਜ ਕੇ ਅਮਾਨਤੀ ਲਾਈਫ ਮੈਂਬਰ ਬਣ ਜਾਣ।

---

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*

www.AKJ.Org

# ਭਾਈ ਤਾਰੂ ਸਿੰਘ ਜੀ ਸ਼ਹੀਦ

ਭਾਈ ਤਾਰੂ ਸਿੰਘ ਜੀ ਪਿੰਡ ਪੂਲ੍ਹਾ ਤਸੀਲ ਕਸੂਰ ਜ਼ਿਲਾ ਲਾਹੌਰ ਦੇ ਵਸਨੀਕ ਸਨ। ਇਨ੍ਹਾਂ ਪਾਸ ਗੁਜ਼ਾਰੇ ਜੋਗੀ ਜ਼ਮੀਨ ਸੀ। ਧਰਮ ਦੀ ਕਿਰਤ ਕਰਦੇ ਅਤੇ ਵੰਡ ਕੇ ਛਕਦੇ ਸਨ। ਭਾਈ ਸਾਹਿਬ ਜੀ ਦੀ ਮਾਤਾ ਅਤੇ ਭੈਣ ਵੀ ਇਨ੍ਹਾਂ ਦੇ ਨਾਲ ਹੀ ਰਹਿੰਦੇ ਸਨ, ਜੋ ਆਏ ਗਏ ਗੁਰਸਿਖਾਂ ਨੂੰ ਲੰਗਰ ਤਿਆਰ ਕਰ ਕੇ ਛਕਾਉਣ ਦੀ ਸੇਵਾ ਨਿਭਾਉਂਦੇ ਸਨ। ਭਾਈ ਸਾਹਿਬ ਨੇ ਵਿਆਹ ਨਹੀਂ ਕਰਾਇਆ ਸੀ।

ਭਾਈ ਤਾਰੂ ਸਿੰਘ ਜੀ ਅਜੇ ੨੫ ਕੁ ਸਾਲਾਂ ਦੇ ਹੀ ਸਨ, ਪਰ ਭਜਨੀਕ ਤੇ ਉਚੀ ਕਰਣੀ ਵਾਲੇ ਸਿਦਕਵਾਨ ਗੁਰਸਿਖ ਸਨ। ਆਪ ਜੀ ਦੇ ਉਚੇ ਸੁਚੇ ਜੀਵਨ ਕਰ ਕੇ ਸਾਰਾ ਪਿੰਡ ਤੇ ਇਲਾਕਾ ਉਨ੍ਹਾਂ ਦਾ ਸਤਿਕਾਰ ਕਰਦਾ ਸੀ।

ਇਹ ਸਮਾਂ ਸਿੰਘਾਂ ਲਈ ਬੜਾ ਬਿਖੜਾ ਤੇ ਭਿਆਨਕ ਸੀ। ਇਸ ਵੇਲੇ ਪੰਜਾਬ ਦਾ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਸਿੰਘਾਂ ਦਾ ਸਫ਼ਾਇਆ ਕਰਨ ਤੇ ਤੁਲਿਆ ਹੋਇਆ ਸੀ। ਹਕੂਮਤ ਦਾ ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ। ਸਿੰਘ ਦਰ-ਬਦਰ ਹੋ ਕੇ ਜੰਗਲਾਂ ਬੇਲਿਆਂ ਵਿਚ ਵਿਚਰ ਕੇ ਸਮਾਂ ਬਿਤਾ ਰਹੇ ਸਨ।

ਭਾਈ ਤਾਰੂ ਸਿੰਘ ਜੀ ਦਾ ਗ੍ਰਹਿ ਆਏ ਗਏ ਗੁਰਸਿਖਾਂ ਲਈ ਠਾਹਰ ਸੀ, ਜਿਥੇ ਰਾਤੇ ਬਰਾਤੇ ਸਿੰਘ ਆ ਕੇ ਠਹਿਰਦੇ ਸਨ। ਭਾਈ ਸਾਹਿਬ ਹਨੇਰੇ ਸਵੇਰੇ ਸਿੰਘਾਂ ਨੂੰ ਜੰਗਲਾਂ ਬੇਲਿਆਂ ਵਿਚ ਵੀ ਲੰਗਰ ਪਹੁੰਚਾਉਣ ਦੀ ਸੇਵਾ ਕਰਦੇ ਰਹਿੰਦੇ ਸਨ। ਪਿੰਡ ਦੇ ਮੁਸਲਮਾਨ ਵੀ ਉਨ੍ਹਾਂ ਨੂੰ ਰੱਬ ਦਾ ਪਿਆਰਾ ਤੇ ਸਖ਼ੀ ਮਰਦ ਸਮਝਦੇ ਸਨ। ਪਰ ਸਿੰਘਾਂ ਦੇ ਦੋਖੀ ਸਦਾ ਸੜਦੇ ਰਹਿੰਦੇ ਸਨ। ਇਸ ਵੇਲੇ ਜੰਡਿਆਲੇ ਦਾ ਮਹੰਤ ਆਕਲ ਦਾਸ, ਜੋ ਆਪਣੇ ਆਪ ਨੂੰ ਹਰਿ ਭਗਤ ਸਦਾਉਂਦਾ ਸੀ ਪਰ ਕਰਮਾਂ ਕਰਕੇ ਚੰਡਾਲ ਸੀ, ਲੋਭ-ਲਹਿਰ ਵਿਚ ਗ੍ਰਸਿਆ ਪਿਆ ਸੀ। ਇਸ ਨੇ ਲਾਹੌਰ ਦੇ ਸੂਬੇ ਪਾਸ ਸ਼ਿਕਾਇਤ ਕੀਤੀ ਕਿ ਤਾਰੂ ਸਿੰਘ ਪਾਸ ਸਿਖ ਡਾਕੂ ਤੇ ਧਾੜਵੀ ਆਉਂਦੇ ਜਾਂਦੇ ਰਹਿੰਦੇ ਹਨ, ਜਿਨ੍ਹਾਂ ਨੂੰ ਇਹ ਪਨਾਹ ਦਿੰਦਾ ਹੈ। ਇਹ ਹਕੂਮਤ ਦਾ ਦੁਸ਼ਮਣ ਹੈ। ਇਸ ਸ਼ਕਾਇਤ ਤੇ ਲਾਹੌਰ ਦੇ ਸੂਬੇ ਖ਼ਾਨ ਬਹਾਦਰ ਨੇ ਆਪ ਨੂੰ ਗ੍ਰਿਫ਼ਤਾਰ ਕਰਨ ਲਈ ਫ਼ੌਜ ਦੇ ਕੁਝ ਸਿਪਾਹੀ ਭੇਜ ਦਿਤੇ।

ਸਿਪਾਹੀ ਜਦੋਂ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਭੜਾਣੇ ਪਿੰਡ ਕੋਲੋਂ ਲੰਘੇ ਤਾਂ ਉਥੋਂ ਦੇ ਲੋਕੀ ਭਾਈ ਸਾਹਿਬ ਨੂੰ ਸਿਪਾਹੀਆਂ ਪਾਸੋਂ ਛੁਡਾਉਣ ਲਈ ਆ ਇਕੱਠੇ ਹੋਏ। ਪਰ ਆਪ ਨੇ ਸਭ ਨੂੰ ਸਮਝਾ ਬੁਝਾ ਕੇ ਵਾਪਸ ਭੇਜ ਦਿਤਾ ਤੇ ਕਿਹਾ ਕਿ ਗੁਰੂ ਪਾਤਸ਼ਾਹ ਨੇ ਜਿਸ ਪੰਥ ਦੀ ਖ਼ਾਤਰ ਆਪਣਾ ਆਪ, ਆਪਣਾ ਪਰਵਾਰ ਤੇ ਸਭ ਕੁਝ ਕੁਰਬਾਨ ਕੀਤਾ, ਉਸ ਪੰਥ ਦੀ ਖ਼ਾਤਰ ਜੇ ਸਾਨੂੰ ਵੀ ਸੀਸ ਦੇਣਾ ਪੈ ਜਾਏ ਤਾਂ ਧੰਨ ਭਾਗ! ਸ: ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਦੇ ਹਨ —

ਪੰਥ ਬਧਾਵਨ ਖਾਤਰ ਤਾਈਂ,
ਇਮ ਅਪਨੀ ਗੁਰ ਕੁਲ ਹੈ ਗਵਾਈ।
ਉਸ ਕੇ ਪੰਥ ਹਮੈਂ ਸਦਾਏਂ,
ਹਮ ਮਰਨੇ ਤੇ ਕਬ ਨਠ ਜਾਈਂ।

ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਲਿਆ ਕੇ ਸੂਬੇ ਦੇ ਪੇਸ਼ ਕੀਤਾ ਗਿਆ। ਉਸ ਨੇ ਆਪ ਨੂੰ ਬੜੇ ਬੜੇ ਲਾਲਚ ਦਿਤੇ ਕਿ ਕਿਵੇਂ ਸਿਖ ਧਰਮ ਛਡ ਕੇ ਦੀਨ ਮੁਹੰਮਦੀ ਪਰਵਾਨ ਕਰ ਲੈਵੇ। ਪਰ ਭਾਈ ਸਾਹਿਬ ਨੇ ਇਕ ਨਾ ਸੁਣੀ ਤੇ ਕਿਹਾ ਕਿ ਗੁਰੂ ਦੀ ਬਖ਼ਸ਼ੀ ਇਹ ਸਿੱਖੀ ਮੇਰੇ ਕੇਸਾਂ ਸੁਆਸਾਂ ਨਾਲ ਨਿਭੇਗੀ। ਇਸ ਨੂੰ ਨਿਭਾਉਣ ਲਈ ਮੈਂ ਹਰ ਮੁਸ਼ਕਲ ਸਹਿਣ ਲਈ ਤਿਆਰ ਹਾਂ।


www.AKJ.Org

ਖ਼ਾਨ ਬਹਾਦਰ ਹਉਮੈ ਵਿਚ ਗਰਜਿਆ ਕਿ ਮੈਂ ਵੇਖਦਾ ਹਾਂ ਕਿ ਕਿਵੇਂ ਤੂੰ ਕੇਸਾਂ ਸੁਆਸਾਂ ਨਾਲ ਸਿੱਖੀ ਨਿਭਾਉਂਦਾ ਹੈਂ । ਨਖਾਸ ਚੌਕ ਵਿਚ ਭਾਈ ਸਾਹਿਬ ਨੂੰ ਲਿਆਂਦਾ ਗਿਆ । ਪਰ ਸਤਿਗੁਰੂ ਦੀ ਐਸੀ ਕਲਾ ਵਰਤੀ ਕਿ ਉਸ ਦਾ ਬੁਲਾਇਆ ਨਾਈ ਭਾਈ ਸਾਹਿਬ ਜੀ ਦੇ "ਕੇਸ" ਕੈਂਚੀ ਜਾਂ ਉਸਤਰੇ ਨਾਲ ਕਟਣ ਜਾਂ ਉਤਾਰਨ ਵਿਚ ਕਿਸੇ ਤਰ੍ਹਾਂ ਵੀ ਸਫ਼ਲ ਨਾ ਹੋ ਸਕਿਆ । ਅਖ਼ੀਰ ਸੂਬਾ ਲਾਹੌਰ ਨੇ ਖਿਝ ਕੇ ਰੰਬੀ ਨਾਲ ਖੋਪਰੀ ਲਾਹ ਦੇਣ ਦਾ ਹੁਕਮ ਦਿਤਾ । ਭਾਈ ਸਾਹਿਬ ਗੁਰੂ ਚਰਨਾਂ ਵਿਚ ਜੁੜ ਕੇ ਜਪ ਜੀ ਦਾ ਪਾਠ ਕਰਦੇ ਰਹੇ, ਰੰਬੀ ਨਾਲ ਖੋਪਰੀ ਲਾਹੀ ਜਾਂਦੀ ਰਹੀ, ਖ਼ੂਨ ਧਾਰਾਂ ਬਣ ਕੇ ਵਗਦਾ ਰਿਹਾ, ਪਰ ਸਿੰਘ ਦੀ ਸਮਾਧੀ ਕਾਇਮ ਰਹੀ । ਉਹ ਅਡੋਲ ਬੈਠੇ ਭਾਣਾ ਮਿੱਠਾ ਮੰਨਣ ਦਾ ਸਬਕ ਪਕਾਂਦੇ ਰਹੇ । ਖ਼ਾਫ਼ੀ ਖ਼ਾਂ ਦੇ ਲਿਖੇ ਅਨੁਸਾਰ ਨਵਾਬ ਨੇ ਭਾਈ ਸਾਹਿਬ ਦੀ ਖੋਪਰੀ ਲੁਹਾ ਕੇ ਆਪ ਨੂੰ ਕੁੱਤਿਆਂ ਗਿੱਦੜਾਂ ਦੇ ਖਾਣ ਲਈ ਇਕ ਖਾਈ ਵਿਚ ਸੁਟਵਾ ਦਿਤਾ, ਪਰ ਸਿੰਘ ਉਥੇ ਗੁਰਬਾਣੀ ਦਾ ਪਾਠ ਕਰਦਾ ਰਿਹਾ । ਜਦ ਤੀਜੇ ਦਿਨ ਨਵਾਬ ਓਧਰੋਂ ਲੰਘਿਆ ਤਾਂ ਭਾਈ ਸਾਹਿਬ ਨੂੰ ਜੀਊਂਦਾ ਵੇਖ ਕੇ ਕਹਿਣ ਲਗਾ, ਓਇ ਸਿੱਖਾ, ਤੂੰ ਮਰਿਆ ਨਹੀਂ । ਤਾਂ ਭਾਈ ਸਾਹਿਬ ਨੇ ਸਹਿਜੇ ਹੀ ਉਤਰ ਦਿਤਾ ਕਿ ਤੇਰੇ ਪੁੱਤਰ ਤੇ ਤੈਨੂੰ ਨਾਲ ਲਿਜਾ ਕੇ ਤੁਰਾਂਗੇ ।

ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਗੁਰੂ ਖ਼ਾਲਸਾ ਵਿਚ ਲਿਖਦੇ ਹਨ ਕਿ ਭਾਈ ਸਾਹਿਬ ਨੂੰ ਕੁਝ ਤਰਖਾਣ ਸਿੰਘ ਚੁਕ ਕੇ ਲੈ ਗਏ ਅਤੇ ਸਿਰ ਪਰ ਕੜਾਹ ਬੰਨ੍ਹਦੇ ਰਹੇ । ਅਠਵੇਂ ਕੁ ਦਿਨ ਨਵਾਬ ਦਾ ਪੁੱਤ ਅਹੀਆ ਖ਼ਾਂ ਸ਼ਿਕਾਰ ਗਿਆ ਅਤੇ ਘੋੜੇ ਤੋਂ ਡਿਗ ਕੇ ਘੜੀਸਦਾ ਹੋਇਆ ਮਰ ਗਿਆ । ਪੰਦਰ੍ਹਾਂ ਕੁ ਦਿਨਾਂ ਪਿਛੋਂ ਨਵਾਬ ਨੂੰ ਅਜਿਹਾ ਬੰਨ੍ਹ ਪਿਆ ਕਿ ਟੱਟੀ ਪਿਸ਼ਾਬ ਬੰਦ ਹੋ ਗਿਆ ਅਤੇ ਲਗਾ ਤੜਫਣ । ਭਾਈ ਸ਼ਾਹਬਾਜ਼ ਸਿੰਘ ਜੀ, ਜੋ ਆਪਣੀ ਯੋਗਤਾ ਕਾਰਨ ਸਰਕਾਰੇ ਦਰਬਾਰੇ ਬੜੀ ਇਜ਼ਤ ਪਾ ਰਹੇ ਸਨ, ਉਸ ਨੂੰ ਖ਼ਾਨ ਬਹਾਦਰ ਨੇ ਪੰਥ ਪਾਸ ਤਰਸ ਕਰਨ ਲਈ ਭੇਜਿਆ ਤਾਂ ਖ਼ਾਲਸੇ ਨੇ ਹੁਕਮ ਕੀਤਾ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸੀਸ ਵਿਚ ਸਤ ਵਾਰੀ ਮਾਰੀ ਜਾਏ ਤਾਂ ਉਸ ਦਾ ਪਿਸ਼ਾਬ ਨਿਕਲੇਗਾ । ਇਵੇਂ ਹੀ ਹੋਇਆ ਅਤੇ ਜੁੱਤੀਆਂ ਖਾ ਕੇ ਉਸ ਦਾ ਪੇਸ਼ਾਬ ਜਾਰੀ ਹੋਇਆ । ਉਸ ਤੋਂ ਬਾਅਦ ਛੇਤੀ ਹੀ ਉਹ ਪ੍ਰਾਣ ਤਿਆਗ ਗਿਆ । ਪਿਉ ਪੁੱਤਰ ਦੇ ਬੁਰੀ ਤਰ੍ਹਾਂ ਤੜਫ਼ ਤੜਫ਼ ਕੇ ਮਰ ਜਾਣ ਪਿਛੋਂ ਭਾਈ ਤਾਰੂ ਸਿੰਘ ਜੀ ੨੩ ਅਸੂ ਸੰਮਤ ੧੮੦੨* ਨੂੰ ਅਕਾਲ ਚਲਾਣਾ ਕਰ ਗਏ ।

ਭਾਈ ਤਾਰੂ ਸਿੰਘ ਜੀ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਲਾਗੇ ਹੈ, ਜੋ ਕਿ ਸ਼ਹੀਦ ਗੰਜ ਸਿੰਘਣੀਆਂ ਦੇ ਨਾਲ ਹੀ ਜੁੜਵਾਂ ਹੈ ਅਤੇ ਜੋ ਕਦੇ ਚੌਕ ਨਖਾਸ ਸਦਵਾਉਂਦਾ ਸੀ ।

*ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ

---

**ਪੰਚਾਂ ਦਾ ਹੁਕਮ**—ਪੋਹ ਸੁਦੀ ਸਪਤਮੀ ਦੇ ਅੰਮ੍ਰਿਤ-ਸਮਾਗਮ ਸਮੇਂ ਪੰਜ ਪਿਆਰਿਆਂ ਨੇ ਇਹ ਸਤਰਾਂ ਛਾਪਣ ਲਈ ਹੁਕਮ ਦਿਤਾ ਹੈ ਕਿ ਪ੍ਰੀਤਮ ਸਿੰਘ, ਕੁਆਟਰ 1174 ਸੈਕਟਰ 18—ਸੀ, ਚੰਡੀਗੜ੍ਹ ਦੋਸ਼ੀ ਹੈ । ਜਦ ਤਕ ਉਹ ਪੰਚਾਂ ਤੋਂ ਭੁਲ ਨਹੀਂ ਬਖ਼ਸ਼ਾਂਦਾ ਓਦੋਂ ਤਕ ਕੋਈ ਸਿੰਘ ਉਸ ਨਾਲ ਮਿਲਵਰਤਣ ਨਾ ਕਰੇ ।

## ਬਾਊ ਮਲ ਸਿੰਘ ਜੀ ਦੀ ਸਿਹਤ

ਕਈ ਸਿੰਘਾਂ ਵਲੋਂ ਪੁੱਛਾਂ ਆਉਂਦੀਆਂ ਰਹਿੰਦੀਆਂ ਹਨ ਕਿ ਸ੍ਰੀ ਮਾਨ ਬਾਊ ਮਲ ਸਿੰਘ ਜੀ ਦੀ ਸਿਹਤ ਬਾਰੇ ਪਤਾ ਦਿਤਾ ਜਾਵੇ । ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਾਊ ਜੀ ਚੜ੍ਹਦੀਆਂ ਕਲਾਂ ਵਿਚ ਹਨ ਅਤੇ ਉਹ ਸਮੂਹ ਸੰਗਤਾਂ ਨੂੰ ਪ੍ਰੇਮ ਭਰੀ ਗੁਰ ਫ਼ਤਹ ਅਰਜ਼ ਕਰਦੇ ਹਨ । ਜਿਹੜੇ ਪਿਆਰੇ ਉਨ੍ਹਾਂ ਨਾਲ ਹਿਤ ਕਰਦੇ ਹਨ ਉਹ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਗੁਰੂ-ਚਰਨਾਂ ਵਿਚ ਅਰਦਾਸ ਕਰਦੇ ਰਿਹਾ ਕਰਨ ।

www.AKJ.Org

# ਪ੍ਰੇਮ ਉਛਾਲੇ

[ਵਲੋਂ–ਗਿਆਨੀ ਹਰਬੰਸ ਸਿੰਘ ਜੀ 'ਉਦਾਸ', ਚੰਡੀਗੜ੍ਹ]

ਆਵੋ ਖ਼ਾਲਸਾ ਜੀ ਸਾਰੇ ਰਲ ਮਿਲ ਕੇ, ਉਸ ਅਸਥਾਨ ਨੂੰ ਜਾ ਨਮਸਕਾਰ ਕਰੀਏ।
ਸਾਧੀ ਅਧਿਕ ਤਪੱਸਿਆ ਗੁਰਾਂ ਜਿਥੇ, ਉਸ ਅਸਥਾਨ ਦਾ ਜਾ ਦੀਦਾਰ ਕਰੀਏ।
ਜਿਥੋਂ ਪਿਤਾ ਅਕਾਲ ਨੇ ਸਦਿਆ ਸੀ, ਉਸ ਧਰਤੀ ਨੂੰ ਰੱਜ ਰੱਜ ਪਿਆਰ ਕਰੀਏ।
ਉਥੇ ਸੁੰਦਰ ਸਰੋਵਰ ਦੇ ਜਲ ਅੰਦਰ, ਕਰ ਇਸ਼ਨਾਨ, ਮਨ ਤਨ ਠਾਰ ਕਰੀਏ।

ਸੁਰਤਿ ਜੋੜ ਕੇ ਸ਼ਬਦ ਅਭਿਆਸ ਰਾਹੀਂ, ਅਜੱਪਾ ਜਾਪ ਵਾਲੀ ਸੁੰਦਰ ਕਾਰ ਕਰੀਏ।
ਸੇਵਾ ਸਿਮਰਨ ਵਿਚ ਐਨੇ ਗੜੂੰਦ ਹੋਈਏ, ਕਿਸੇ ਨਾਲ ਨਾ ਹੋਰ ਗੁਫ਼ਤਾਰ ਕਰੀਏ।
ਭਾਵੇਂ ਮੀਂਹ ਝਖੜ ਝਾਗੀ ਵੱਸਦਾ ਰਹੇ, ਤਾਂ ਵੀ ਜਾ ਕੇ ਦਰਸ਼ਨ ਗੁਰਦੁਆਰ ਕਰੀਏ।
ਝੋਲੀ ਅੱਡ ਕੇ ਮੰਗਤੇ ਬਣ ਜਾਈਏ, ਰੋਮ ਰੋਮ ਸ਼ੁਕਰ-ਗੁਜ਼ਾਰ ਕਰੀਏ।

ਇਸ ਦਾ ਫਲ-ਸਰੂਪ ਫਿਰ ਹੋਇਗਾ ਇਹ, ਸਾਡੇ ਰਿਦੇ 'ਚ ਪੂਰਨ ਪ੍ਰਕਾਸ਼ ਹੋਸੀ।
ਬਾਲਾ ਪ੍ਰੀਤਮ ਦੇ ਚੋਜ ਅਨੋਖੜੇ ਜੋ, ਉਨ੍ਹਾ ਰਾਹੀਂ ਗੁਰ-ਦਰਸ਼ਨ ਨਿਵਾਸ ਹੋਸੀ।
ਪਿਤਾ ਗੁਰੂ, ਮਾਤਾ ਗੁਜਰੀ ਦਿਸ ਪੈਸਣ, ਮਿਲਦੀ ਉਨ੍ਹਾਂ ਦੀ ਸਾਨੂੰ ਧਰਵਾਸ ਹੋਸੀ।
ਤਾੜੀ ਨੈਣਾਂ ਦੀ ਲਗੀ ਹੋਈ ਖੁਲ੍ਹ ਜਾਸੀ, ਮੁਖੜਾ ਵੇਖਦੇ ਹੀ ਪੂਰਨ ਆਸ ਹੋਸੀ।

ਤੁਰ ਪਵਾਂਗੇ ਉਥੋਂ ਅਨੰਦਪੁਰ ਨੂੰ, ਜਿਥੇ ਗੁਰਾਂ ਨੇ ਜੋਤਿ ਜਗਾਈ ਜਾ ਕੇ।
ਉਥੇ ਸੀਸ ਨਿਵਾਵਾਂਗੇ ਲਖ ਵਾਰੀ, ਜਿਥੇ ਗੁਰਾਂ ਨੇ ਕਲਾ ਵਰਤਾਈ ਜਾ ਕੇ।
ਅੰਮ੍ਰਿਤ ਦਾਨ ਕੀਤਾ, ਅੰਮ੍ਰਿਤ ਪਾਨ ਕੀਤਾ, ਗੁਰ ਚੇਲੇ ਦੀ ਸੰਧ ਮਿਟਾਈ ਜਾ ਕੇ।
ਪੰਚ ਸੱਖੇ ਗੁਰ-ਭਾਈ ਪ੍ਰਵਾਨ ਕੀਤਾ, ਇਹੋ ਫ਼ੌਜ ਅਕਾਲੀ ਬਣਾਈ ਜਾ ਕੇ।

ਸਵਾ ਲੱਖ ਨਾਲ ਇਕ ਲੜਾਉਣ ਵਾਲੇ, ਅਪਣਾ ਨਾਮ ਗੋਬਿੰਦ ਸਿੰਘ ਕਹਾਇਆ ਏ।
ਜ਼ਾਲਮ ਜ਼ੁਲਮ ਤੇ ਦੰਭ ਨੂੰ ਪੁੱਟਣੇ ਲਈ, ਤੀਰ ਖੜਗ ਤੇ ਖੰਡਾ ਖੜਕਾਇਆ ਏ!
ਜਿਹੜਾ ਅਗੇ ਅੜਿਆ ਪੱਤੇ ਵਾਂਗ ਝੜਿਆ, ਜਿਹੜਾ ਸ਼ਰਨ ਪੜਿਆ, ਓਹ ਤਰਾਇਆ ਏ।
ਭਗਤੀ ਸ਼ਕਤੀ ਦਾ ਕੀਤਾ ਸੁਮੇਲ ਡਾਢਾ, ਜੀਵਨ-ਮੁਕਤ ਦਾ ਸਬਕ ਸਿਖਾਇਆ ਏ।

ਸਾਡਾ ਪੁਰਬ ਮਨਾਵਣਾ ਤਾਂ ਸਫਲਾ, ਸਿਖੀ ਸਿਦਕ ਦੇ ਨਾਲ ਭਰਪੂਰ ਹੋਈਏ।
ਇਕ ਅਕਾਲ ਵਾਲੀ ਸਾਂਝੀਵਾਲਤਾ ਲੈ, ਵੈਰ-ਭਾਵਨਾ ਤੋਂ ਸਦਾ ਦੂਰ ਹੋਈਏਂ।
ਦੱਸੀ ਗੁਰੂ ਜੋ ਕਾਰ ਦਿਨ ਰਾਤ ਕਰੀਏ, ਹਰ ਦਮ ਸਾਹਿਬ ਦੇ ਸਦਾ ਹਜ਼ੂਰ ਹੋਈਏ।
ਜੀਵਨ-ਭੁੱਲਾਂ ਦੀ ਮਾਫ਼ੀ 'ਉਦਾਸ' ਮੰਗੀਏ, ਬਾਣੀ ਬਾਣੇ ਦੇ ਵਿਚ ਨੂਰੋ ਨੂਰ ਹੋਈਏ।

‡ ‡ ‡ ‡ ‡ ‡



www.AKJ.Org

# ਚਾਰ ਦਿਨ ਦੀ ਹੂ-ਹਵਾ

[ਵਲੋਂ–ਜਥੇਦਾਰ ਉਜਾਗਰ ਸਿੰਘ ਜੀ ਉਲਫ਼ਤ]

ਪਿਆ ਹੋੜਨਾ ਹਾਂ ਮੈਂ, ਅਨਮੋੜ ਮਨ ਨੂੰ,
ਤੇਰਾ ਕੂਚ ਆਖ਼ਰ ਨੂੰ, ਨਾਦਾਨ ਹੋਣੈ ।
ਇਥੇ ਚਾਰ ਦਿਨ ਦੀ, ਨਿਰੀ ਹੂ-ਹਵਾ ਹੈ,
ਅਗਾਂਹ ਸੁਰਖ਼ਰੂ ਜਾ ਕੇ ਇਨਸਾਨ ਹੋਣੈ ।
ਬਹਾਰਾਂ ਸਦਾ ਰਹਿਣੀਆਂ ਨਾ ਚਮਨ ਵਿਚ,
ਖ਼ਿਜ਼ਾਂ ਆਇਆਂ ਗੁਲਸ਼ਨ ਨੇ, ਵੀਰਾਨ ਹੋਣੈ ।
ਗੁਨਾਹਾਂ ਦੀ ਗਠੜੀ ਜੇ ਸਿਰ ਤੇ ਰਹੀ ਤਾਂ,
ਕਦੇ ਏਸ ਮਨਜ਼ਲ ਨਾ ਆਸਾਨ ਹੋਣੈ ।
ਇਹ ਪੁੰਨ ਪਾਪ ਤੇਰੇ ਤੁਲਣਗੇ ਅਗੇਰੇ,
ਉਥੇ ਨੇਕੀਆਂ ਦਾ ਵੀ, ਮੀਜ਼ਾਨ ਹੋਣੈ ।

ਜਿਥੇ ਜਾ ਕੇ ਮੁਕਤੀ ਹੈ ਮਿਲਦੀ ਬਸ਼ਰ ਨੂੰ,
ਉਥੇ ਨੇਕ ਅਮਲਾਂ ਨੇ, ਪ੍ਰਧਾਨ ਹੋਣੈ ।
ਜਿਨ੍ਹਾਂ ਰੂਪ ਸੁੰਦਰ, ਇਥੇ ਰੋਲਿਆ ਹੈ,
ਉਨ੍ਹਾਂ ਲਈ ਹੀ ਨਰਕਾਂ ਦਾ, ਤੂਫ਼ਾਨ ਹੋਣੈ ।
ਕਈ ਪੁਰਸਲਾਤਾਂ, ਜਿਥੋਂ ਲੰਘਣਾ ਤੂੰ,
ਬਹੁਤ ਔਖਾ ਰਸਤਾ, ਮੇਰੀ ਜਾਨ ਹੋਣੈ ।
ਤਾਂ ਏਥੇ ਹੀ ਕਰ ਲੈ, ਤੂੰ ਨੇਕੀ ਦੀਵਾਨੇ,
ਅਗਾਂਹ ਜਾ ਕੇ ਜੇ ਨਾ, ਪ੍ਰੇਸ਼ਾਨ ਹੋਣੈ ।
ਬਿਨਾਂ ਨੇਕ ਅਮਲਾਂ ਅਗੇ ਜਾ ਕੇ 'ਉਲਫ਼ਤ'
ਕਿਸੇ ਵੀ ਨਾ ਤੇਰਾ, ਨਿਗਾਹਬਾਨ ਹੋਣੈ ।

# ਮਿਲਣ-ਤਾਂਘ

[ਵਲੋਂ–ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ]

ਮੁਬਾਰਕ ਹੈ ਉਹ ਹਿਰਦਾ ਜਿਸ ਨੂੰ ਲਗੀ ਲਿਲ* ਪਿਆਰੇ ਦੀ ।
ਤ੍ਰੁੱਠਾ ਆਪ ਸਾਂਈ ਸੂਝ ਦਿਤੀ ਜਿਸ ਕਿਨਾਰੇ ਦੀ ।
ਕੋਈ ਜਨਮਾਂ ਦੇ ਸੁੱਤੇ ਸੰਸਕਾਰਾਂ ਪਰਤਿਆ ਪਾਸਾ;
ਕਿਸੇ ਅਰਸ਼ੀ ਇਸ਼ਾਰੇ ਤਾਂਘ ਲਾ ਦਿਤੀ 'ਹਜ਼ਾਰੇ'† ਦੀ ।੧।
ਵਿਛੋੜੇ ਦੀ ਕਸਕ ਨੇ ਆ ਜਗਾ ਦਿਤੀ ਵਸਲ-ਇੱਛਾ;
ਮਨੋਂ-ਭਾਵਾਂ 'ਚ ਬਿਜਲੀ ਕੂੰਦ ਗਈ ਅਣ-ਡਿਠ ਨਜ਼ਾਰੇ ਦੀ ।੨।
ਸਿਦਕ ਬੱਝਾ, ਤੜਪ ਉੱਠੀ ਤੇ ਦਰਸ਼ਨ-ਸਿਕ ਹੋਈ ਪੈਦਾ;
ਸਾਗਰ ਵਿਚ ਮਿਲਣ-ਲੋਚਾ ਦੀ ਕਾਂਗ ਆਈ ਹੁਲਾਰੇ ਦੀ ।੩।
ਵਸੀ ਦਿਲ ਯਾਦ ਆ ਸਾਂਈ ਦੀ, ਸਿਮਰਨ ਘਾਲ ਘਾਲਣ ਲਈ;
ਵਧੀ ਇੱਛਾ ਕਣੀ-ਰਸ ਲੈਣ ਲਈ ਅੰਮ੍ਰਿਤ ਫੁਹਾਰੇ ਦੀ ।੪।
ਪੁਗਾਣੀ ਆਪ ਹੈ ਉਸ ਨੇ, ਇਹ ਉਪਜਾਈ ਹੈ ਜਿਸ ਇੱਛਾ;
ਇਹ ਸਾਗਰ ਵਿਚ ਤਰੰਗ ਹੈ, ਕੀ ਹੈ ਪਾਂਇਆ ਇਸ ਨਿਕਾਰੇ ਦੀ ।੫।
ਵਿਛਿਆ ਰਹੇ ਸਦਾ ਜੇ ਦਿਲ ਏਹ ਸਾਂਈ ਦੀ ਹਜ਼ੂਰੀ ਵਿਚ;
ਕਦੀ ਤਾਂ ਥਾਂ ਪਵੇਗੀ, ਘਾਲ ਕੀਤੀ ਇਸ ਵਿਚਾਰੇ ਦੀ ।੬।
ਇਹ ਲਿਲ ਚੰਗੀ ਹੈ ਲਗੀ ਰਹੇ, ਤੇ ਖਿੜਿਆ ਦਿਲ-ਕਮਲ ਰਹੇ ਸਦਾ;
ਏਹ ਪ੍ਰੀਤੀ ਤੋੜ ਨਿਭ ਜਾਵੇ 'ਮਿਤਰ' ਸਾਂਈ ਸੰਵਾਰੇ ਦੀ ।੭।

*ਪ੍ਰੀਤ । †ਮਨ ਰੂਪੀ ਰਾਂਝੇ ਨੂੰ ਪ੍ਰਭੂ ਪ੍ਰੀਤ ਰੂਪ ਹੀਰ ਪ੍ਰਾਪਤੀ ਲਈ ।



www.AKJ.Org

# ਕੀ ਸਿੰਘ ਬੀਬੀਆਂ ਲਈ ਕੇਸਕੀ ਜ਼ਰੂਰੀ ਹੈ ?

[ਵਲੋਂ—ਸ: ਗੁਰਬਚਨ ਸਿੰਘ ਜੀ, ਲੁਧਿਆਣਾ]

ਕੇਸਕੀ ਛੋਟੀ ਦਸਤਾਰ ਨੂੰ ਆਖਦੇ ਹਨ, ਜੋ ਸਿੰਘ ਬੀਬੀਆਂ ਦਸਮ ਦੁਆਰ ਤੇ ਕੇਸਾਂ ਨੂੰ ਇਕੱਠਾ ਕਰ ਕੇ (ਭਾਵ ਜੂੜਾ ਕਰ ਕੇ) ਉਨ੍ਹਾਂ ਦੀ ਸੰਭਾਲ ਲਈ ਸੀਸ ਤੇ ਸਜਾਉਂਦੀਆਂ ਹਨ ਅਤੇ ਫਿਰ ਉਪਰ ਦੁਪੱਟਾ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸਿੰਘ ਪਹਿਲਾਂ ਛੋਟੀ ਦਸਤਾਰ ਸਜਾ ਕ, ਫਿਰ ਉਪਰ ਵੱਡੀ ਦਸਤਾਰ ਸਜਾਉਂਦੇ ਹਨ, ਜਿਸ ਨੂੰ ਅਸੀਂ ਦੋਹਰੀ ਦਸਤਾਰ ਸਜਾਉਣਾ ਵੀ ਆਖਦੇ ਹਾਂ। ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਪੁਸਤਿਕਾ 'ਸਿੱਖ ਰਹਿਤ ਮਰਯਾਦਾ' ਦੇ ਪੰਨਾ ੨੪ ਉਪਰ ਦੱਸਿਆ ਗਿਆ ਹੈ ਕਿ 'ਸਿੱਖ ਇਸਤ੍ਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ'। ਕਈ ਸੰਸਥਾਵਾਂ ਤਾਂ ਕੇਸਕੀ ਨੂੰ ਕਕਾਰਾਂ ਵਿਚ ਸ਼ਾਮਲ ਕਰ ਕੇ ਸਿੰਘ ਬੀਬੀਆਂ ਲਈ ਇਸ ਦਾ ਸਜਾਉਣਾ ਆਵੱਸ਼ਕ ਸਮਝਦੀਆਂ ਹਨ, ਪਰ ਮੈਂ ਇਸ ਵਾਦ-ਵਿਵਾਦ ਵਿੱਚ ਨਾ ਪੈਂਦਾ ਹੋਇਆ ਕੇਵਲ ਇਹ ਵਿਚਾਰ ਕਰਨਾ ਚਾਹੁੰਦਾ ਹਾਂ ਕਿ ਜੇ ਸਿੰਘ ਬੀਬੀਆਂ ਲਈ ਦਸਤਾਰ ਦਾ ਸਜਾਉਣਾ ਜਾਂ ਨਾ ਸਜਾਉਣਾ ਦੋਵੇਂ ਠੀਕ ਹਨ, ਤਾਂ ਫਿਰ ਇਹਨਾਂ ਦੋਹਾਂ ਵਿੱਚੋਂ ਸਿੱਖ ਆਸ਼ੇ ਅਨੁਸਾਰ ਲਾਹੇਵੰਦ ਕੀ ਹੈ ? ਦੋਹਾਂ ਅਵਸਥਾਵਾਂ ਬਾਰੇ ਵਿਚਾਰ ਕਰਨ ਉਪਰੰਤ ਜੋ ਲਾਹੇਵੰਦ ਪ੍ਰਤੀਤ ਹੋਵੇ, ਉਸਨੂੰ ਅਪਨਾਉਣਾ ਗੁਰ-ਸਿੱਖੀ ਦੇ ਵਧੇਰੇ ਨੇੜੇ ਹੋਵੇਗਾ।

## *ਇਤਿਹਾਸਕ ਪੱਖ ਤੋਂ—*

ਸਭ ਤੋਂ ਪਹਿਲਾਂ ਅਸੀਂ ਕੇਸਕੀ ਬਾਰੇ ਇਤਿਹਾਸਕ ਪਹਿਲੂ ਤੋਂ ਵਿਚਾਰ ਕਰਨ ਦਾ ਯਤਨ ਕਰਾਂਗੇ। ਕੀ ਕੇਸਕੀ ਦਾ ਸਜਾਉਣਾ ਪੁਰਾਤਨ ਸਮੇਂ ਤੋਂ ਚਲਿਆ ਆਉਂਦਾ ਹੈ ਜਾਂ ਵਰਤਮਾਨ ਸਮੇਂ ਵਿਚ ਹੀ ਵੇਖਣ ਵਿਚ ਆਇਆ ਹੈ ?

1. ਜੇ ਇਤਿਹਾਸ ਦੇ ਪੱਤਰਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਕੇਸਕੀ ਸਜਾਉਣ ਦੀ ਪਰੰਪਰਾ ਬੜੀ ਪੁਰਾਣੀ ਹੈ। ਇਸ ਸੰਬੰਧ ਵਿਚ ਸਭ ਤੋਂ ਪੁਰਾਣੀ ਗਵਾਹੀ ਰਹਿਤਨਾਮਾ ਭਾਈ ਚੌਪਾ ਸਿੰਘ ਜੀ ਵਿਚ ਮਿਲਦੀ ਹੈ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੰਘ ਸਨ ਅਤੇ ਆਪ ਲਿਖਦੇ ਹਨ:

ਕੱਛ, ਕੜਾ, ਕ੍ਰਿਪਾਨ, ਕੰਘਾ, ਕੇਸਕੀ।
ਇਹ ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

ਇਸ ਤੋਂ ਪਤਾ ਲਗਦਾ ਹੈ ਕਿ ਕੇਸਕੀ ਦਾ ਸਜਾਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤੋਂ ਹੀ ਪ੍ਰਚਲਿਤ ਹੈ।

2. ਇਸ ਤੋਂ ਛੁੱਟ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਾਤਾ ਭਾਗ ਕੌਰ ਜੀ (ਪ੍ਰਚਲਤ ਨਾਮ ਮਾਈ ਭਾਗੋ ਜੀ) ਬਿਹੰਗਮ ਅਵਸਥਾ ਵਿਚ ਵਿਚਰਦੇ ਸਨ। ਉਹਨਾਂ ਦੀ ਲਿਵ ਸਦਾ ਹੀ ਅਕਾਲ ਪੁਰਖ ਦੇ ਚਰਨਾਂ ਵਿਚ ਜੁੜੀ ਰਹਿੰਦੀ ਸੀ ਅਤੇ ਉਹ ਆਪਣੇ ਸਰੀਰ ਦੀ ਸਾਂਭ-ਸੰਭਾਈ ਤੋਂ ਨਿਆਰੇ ਸਨ। ਇਸ ਬਾਰੇ ਸਾਹਿਬਾਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਪਾਸ ਇਤਰਾਜ਼ ਪੁੱਜਾ ਤਾਂ ਉਹਨਾਂ ਮਾਤਾ ਭਾਗ ਕੌਰ ਜੀ ਨੂੰ ਬੁਲਾ ਕੇ ਜੋ ਸਿੱਖਿਆ ਦਿੱਤੀ, ਉਸਦਾ ਵਰਣਨ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ 'ਗੁਰ ਪ੍ਰਤਾਪ ਸੂਰਜ' ਵਿਚ ਇਸ ਪ੍ਰਕਾਰ ਕੀਤਾ ਹੈ :

ਗੁਰਵੀ ਸਾਂਗ ਹਾਥ ਮਹਿ ਧਰੈ,
ਸਦਾ ਅਨੰਦ ਏਕ ਰਸ ਫਿਰੈ।
ਕੇਤਕ ਮਾਸ ਨਗਨ ਜਬ ਰਹੀ,
ਇਕ ਦਿਨ ਦੇਖ ਨਿਕਟ ਗੁਰ ਕਹੀ :
ਸੁਨ ਮਾਈ ਭਾਗ ਕੌਰ ਸਚਿਆਰੀ,
ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮ ਹੰਸ ਅਵਸਥਾ ਪਾਈ,
ਤੁਝ ਕੋ ਦੋਸ਼ ਨਾ ਲਾਗੇ ਕਦਾਈਂ।
ਰਹਿਨ ਦਿਗੰਬਰ ਤੁਝ ਬਨਿ ਆਈ,
ਇਕ-ਰਸ ਬਿਰਤੀ ਭਈ ਲਿਵਲਾਈ।
ਤਨ-ਹੰਤਾ ਸਭ ਰਿਦੈ ਬਿਨਾਸੀ,



www.AKJ.Org

ਪਾਇਓ ਪਰਮ ਰੂਪ ਅਬਿਨਾਸ਼ੀ ।
ਤਊ ਸੰਗ ਤੂ ਰਹਿਤ ਹਮਾਰੇ,
ਪਹਿਰਿ ਕਾਛ, ਲਘੁ ਸਿਰ ਦਸਤਾਰੇ ।

ਸਾਹਿਬਾਂ ਨੇ ਮਾਈ ਭਾਗ ਕੌਰ ਨੂੰ ਦਸਤਾਰ ਸਜਾਉਣ ਦਾ ਹੁਕਮ ਦੇ ਕੇ ਸਾਵਧਾਨ ਕੀਤਾ । ਇਸ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਕਛਹਿਰਾ ਅਤੇ ਦਸਤਾਰ ਸਿੰਘਾਂ ਅਤੇ ਸਿੰਘਣੀਆਂ, ਦੋਹਾਂ ਦੇ ਪਹਿਰਾਵੇ ਦੇ ਜ਼ਰੂਰੀ ਅੰਗ ਹਨ ।

3. ਅੰਗਰੇਜ਼ ਦੇ ਰਾਜ ਸਮੇਂ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਹੋਇਆ ਹੈ । ਇਸ ਨੇ ਬੜੀ ਖੋਜ ਉਪਰੰਤ ਪ੍ਰਮਾਣੀਕ ਸਿੱਖ ਇਤਿਹਾਸ ਲਿਖਿਆ ਹੈ । ਉਹ ਸਿੱਖ ਇਸਤ੍ਰੀਆਂ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ :

"The Sikh women are distinguished from Hindus of their sex by some variety of dress, chiefly by a higher top knot of hair."

ਭਾਵ :—ਸਿੱਖ ਇਸਤ੍ਰੀਆਂ ,ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿੱਚ ਖ਼ਾਸ ਵਿਲੱਖਣਤਾ ਰੱਖਦੀਆਂ ਹਨ, ਜੋ ਕਿ ਉਨ੍ਹਾਂ ਦੇ ਸਿਰ ਉੱਤੇ (ਦਸਮ ਦੁਆਰ ਉੱਤੇ) ਕੇਸਾਂ ਦੇ ਜੂੜੇ ਤੋਂ ਸਪੱਸ਼ਟ ਤੌਰ ਤੇ ਪ੍ਰਗਟ ਹੁੰਦੀ ਹੈ ।

ਇਸ ਤੋਂ ਸਪੱਸ਼ਟ ਹੈ ਕਿ ਸਿੰਘਣੀਆਂ ਪੁਰਾਤਨ ਸਮੇਂ ਵਿਚ ਦਸਮ ਦੁਆਰ ਤੇ ਜੂੜਾ ਕਰਦੀਆਂ ਸਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਕੇਸਕੀ ਦੀ ਵਰਤੋਂ ਹੋਣੀ ਵੀ ਜ਼ਰੂਰੀ ਸੀ ।

4.ਇਹ ਇਕ ਇਤਿਹਾਸਕ ਸੱਚਾਈ ਹੈ ਕਿ ਮੁਗ਼ਲ ਰਾਜ ਸਮੇਂ ਜਦੋਂ ਸਿੰਘਾਂ ਉੱਤੇ ਓੜਕ ਦੇ ਅੱਤਿਆਚਾਰ ਹੋ ਰਹੇ ਸਨ ਤਾਂ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਸੂਬਾ ਲਾਹੌਰ ਨੇ ਹੁਕਮ ਕੱਢਿਆ ਸੀ ਕਿ ਜੋ ਮਨੁੱਖ ਕਿਸੇ ਸਿੰਘ ਦਾ ਕੱਟਿਆ ਹੋਇਆ ਸਿਰ ਪੇਸ਼ ਕਰੇਗਾ, ਉਸਨੂੰ ੮੦ ਰੁਪਏ ਇਨਾਮ ਦਿੱਤਾ ਜਾਵੇਗਾ । ਇਤਿਹਾਸ ਦੱਸਦਾ ਹੈ ਕਿ ਉਸ ਸਮੇਂ ਸਿੰਘਾਂ ਦਾ ਵਾਸਾ ਤਾਂ ਜੰਗਲਾਂ ਜਾਂ ਪਹਾੜਾਂ ਵਿਚ ਸੀ, ਇਸ ਲਈ ਸਿੰਘਾਂ ਦੇ ਸਿਰ ਨਾ ਮਿਲਣ ਤੇ ਲਾਲਚੀਆਂ ਨੇ ਸਿੰਘਣੀਆਂ ਦੇ ਸਿਰ ਕੱਟ ਕੇ ਅਤੇ ਦਾੜ੍ਹੀ ਮੁੱਛਾਂ ਨਾ ਹੋਣ ਕਰਕੇ ਦਰਬਾਰ ਵਿੱਚ ਇਹ ਕਹਿ ਕੇ ਪੇਸ਼ ਕੀਤੇ ਕਿ ਇਹ ਨੌਜਵਾਨ ਸਿੰਘ ਬੱਚਿਆਂ ਦੇ ਸਿਰ ਹਨ । ਇਸ ਤਰ੍ਹਾਂ ਉਨ੍ਹਾਂ ਨੂੰ ਇਨਾਮ ਦੀ ਰਕਮ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਹੋਈ ।

ਇਸ ਘਟਨਾ ਤੋਂ ਨਿਰਸੰਦੇਹ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਸਿੰਘਣੀਆਂ ਦਸਮ ਦੁਆਰ ਉਤੇ ਜੂੜਾ ਕਰਦੀਆਂ ਅਤੇ ਦਸਤਾਰ ਸਜਾਉਂਦੀਆਂ ਸਨ, ਤਾਂ ਹੀ ਉਨ੍ਹਾਂ ਦੇ ਸਿਰ ਸਿੰਘਾਂ ਦੇ ਸਿਰਾਂ ਦੀ ਥਾਂ ਪੇਸ਼ ਕੀਤੇ ਜਾ ਸਕਦੇ ਸਨ । ਹੋ ਸਕਦਾ ਹੈ ਉਸ ਸਮੇਂ ਜਾਂ ਉਸ ਤੋਂ ਪਿੱਛੋਂ ਹੀ ਡਰਪੋਕ ਇਸਤ੍ਰੀਆਂ ਨੇ ਦਸਤਾਰ ਸਜਾਉਣੀ ਛੱਡ ਦਿੱਤੀ ਹੋਵੇ ਅਤੇ ਇਹ ਪਰੰਪਰਾ ਘਟਦੀ ਘਟਦੀ ਮੂਲੋਂ ਹੀ ਬੰਦ ਹੋ ਗਈ ਹੋਵੇ ।

5. ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਵਿੱਚ ਅਤੇ ਵਿਕਟੋਰੀਆ ਅਜਾਇਬ ਘਰ ਕਲਕੱਤੇ ਵਿੱਚ ਬਹਾਦਰ ਸਿੰਘਣੀਆਂ ਦੀਆਂ ਕੁਰਬਾਨੀਆਂ ਦੇ ਪੁਰਾਣੇ ਚਿਤਰਾਂ ਵਿਚ ਸਿੰਘਾਂ ਵਾਂਗ ਸਿੰਘਣੀਆਂ ਨੂੰ ਵੀ ਕੇਸਕੀ ਸਹਿਤ ਦਰਸਾਇਆ ਗਿਆ ਹੈ । ਇੱਥੋਂ ਵੀ ਪਤਾ ਲਗਦਾ ਹੈ ਕਿ ਕੇਸਕੀ ਪੁਰਾਣੇ ਸਮੇਂ ਤੋਂ ਹੀ ਸੁਸ਼ੋਭਤ ਚਲੀ ਆ ਰਹੀ ਹੈ ।

6. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ੧੯੧੪-੧੮ ਦੀ ਪਹਿਲੀ ਵੱਡੀ ਜੰਗ ਤੋਂ ਪਹਿਲਾਂ ਅੰਮ੍ਰਿਤਧਾਰੀ ਸਿੰਘਣੀਆਂ ਭਾਰੀ ਗਿਣਤੀ ਵਿੱਚ ਕੇਸਕੀ ਸੁਸ਼ੋਭਤ ਸਨ ਅਤੇ ਧਾਰਮਿਕ ਦੀਵਾਨਾਂ ਵਿੱਚ ਸਿੰਘਾਂ ਵਾਂਗ ਸਿੰਘਣੀਆਂ ਵੀ ਕੇਸਕੀ ਸਹਿਤ ਦੂਰੋਂ ਹੀ ਨਿਰਾਲਾ ਸਿੰਘਤਵ ਪ੍ਰਗਟਾਉਂਦੀਆਂ ਵੇਖਣ ਵਿੱਚ ਆਉਂਦੀਆਂ ਸਨ ।

7. ਫੀਰੋਜ਼ਪੁਰ, ਕੈਰੋਂ, ਜਸਪਾਲੋਂ ਤੇ ਸਿੱਧਵਾਂ ਦੇ ਪੁਰਾਤਨ ਸਿੱਖ ਕੰਨਿਆ ਵਿਦਿਆਲਿਆਂ ਵਿੱਚ ਪਹਿਲੇ ਪਹਿਲ ਕੇਸਕੀ ਵਿਦਿਆਰਥਣਾਂ ਦੀ ਨਿਯਤ ਪੁਸ਼ਾਕ ਦਾ ਇੱਕ ਜ਼ਰੂਰੀ ਅੰਗ ਹੋਇਆ


www.AKJ.Org

ਕਰਦੀ ਸੀ। ਚੀਫ਼ ਖ਼ਾਲਸਾ ਦੀਵਾਨ ਦੀਆਂ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਵਿਚ ਇਹਨਾਂ ਸਕੂਲਾਂ ਦੀਆਂ ਬੀਬੀਆਂ ਕੇਸਕੀ ਸਹਿਤ ਆਮ ਵੇਖਣ ਵਿਚ ਆਉਂਦੀਆਂ ਸਨ।

8. ਅਕਾਲੀ ਲਹਿਰ ਦੇ ਦੌਰਾਨ ਵੀ ਕੇਸਕੀ-ਸੁਸ਼ੋਭਤ-ਸਿੰਘਣੀਆਂ ਮੋਰਚਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਰਹੀਆਂ ਹਨ। ਜਿਨ੍ਹਾਂ ਬਜ਼ੁਰਗਾਂ ਨੇ ਉਸ ਲਹਿਰ ਵਿਚ ਭਾਗ ਲਿਆ ਉਹ ਇਸ ਗੱਲ ਦੀ ਸਾਖੀ ਭਰਦੇ ਹਨ।

9. ਪੰਥ ਪ੍ਰਸਿੱਧ ਵਿਦਵਾਨ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟਕਸਾਲੀ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਨਿਵਾਸੀ ਦੇ ਨਿਜ ਗ੍ਰਿਹ ਵਿਚ ਸਭ ਸਿੰਘਣੀਆਂ ਕੇਸਕੀ ਸੁਸ਼ੋਭਤ ਨਿਰਾਲਾਪਨ ਪੇਸ਼ ਕਰਦੇ ਰਹੇ ਹਨ।

10. ਭਾਈ ਸਾਹਿਬ (ਸੰਤ) ਤੇਜਾ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੱਥੇ ਵਿੱਚ ਸਿੰਘਾਂ ਵਾਂਗੂ ਸਿੰਘਣੀਆਂ ਵੀ ਛੋਟੀ ਦਸਤਾਰ ਸਹਿਤ ਧਾਰਮਕ ਦੀਵਾਨਾਂ ਵਿੱਚ ਕੀਰਤਨ ਕਰਦੀਆਂ ਦਿਖਾਈ ਦੇਂਦੀਆਂ ਹਨ।

11. ਪੰਚ ਖ਼ਾਲਸਾ ਦੀਵਾਨ, ਭਸੌੜ ਨੇ ਮਾਲਵੇ ਦੇ ਇਲਾਕੇ ਵਿੱਚ ਤੇ ਸੈਂਟਰਲ ਮਾਝਾ ਦੀਵਾਨ ਨੇ ਮਾਝੇ ਵਿੱਚ ਕੇਸਕੀ ਦੀ ਮਹੱਤਤਾ ਇੰਨੀ ਦ੍ਰਿੜ੍ਹਾਈ ਸੀ ਕਿ ਕਈ ਸਿੰਘਣੀਆਂ ਸਿਰਫ਼ ਕੇਸਕੀ ਹੀ ਸਜਾਉਂਦੀਆਂ ਸਨ। ਉਨ੍ਹਾਂ ਨੇ ਦੁਪੱਟੇ ਨੂੰ ਵੀ ਵਾਧੂ ਜਾਣ ਕੇ ਤਿਆਗ ਦਿੱਤਾ ਸੀ।

12. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸਬੰਧਤ ਅਖੰਡ ਕੀਰਤਨੀ ਜੱਥੇ ਹੁਣ ਵੀ ਕੇਸਕੀ ਰਹਿਤ ਨੂੰ ਪਰਪੱਕਤਾ ਨਾਲ ਨਿਭਾ ਰਹੇ ਹਨ।

13. ਇਸੇ ਸਦੀ ਵਿਚ ਸਜਣ ਵਾਲੇ ਅਮਰੀਕਾ ਨਿਵਾਸੀ ਮਰਦ ਇਸਤ੍ਰੀਆਂ ਸਭ ਕੇਸਕੀ ਸਜਾਉਂਦੇ ਅਤੇ ਕੇਸਕੀ ਦੇ ਉੱਪਰ ਖੰਡਾ ਵੀ ਸੁਸ਼ੋਭਤ ਕਰਦੇ ਹਨ, ਜੋ ਉਨ੍ਹਾਂ ਨੂੰ ਨਿਰਾਲਾ ਵੀਰ-ਰਸੀ ਰੂਪ ਪ੍ਰਦਾਨ ਕਰਦਾ ਹੈ।

ਸੋ ਇਨ੍ਹਾਂ ਕੁੱਝ ਕੁ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਕੇਸਕੀ ਦੀ ਵਰਤੋਂ ਅੱਜ ਦੇ ਸਮੇਂ ਵਿਚ ਹੀ ਅਰੰਭ ਨਹੀਂ ਹੋਈ, ਸਗੋਂ ਬੜੀ ਪੁਰਾਤਨ ਹੈ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੈ। ਇਸ ਨੂੰ ਕੁਝ ਸਿੰਘਾਂ ਜਾਂ ਕਿਸੇ ਜੱਥੇਬੰਦੀ ਦੀ ਕਾਢ ਮੰਨਣਾ ਉਚਿਤ ਨਹੀਂ।

## *ਕੇਸਕੀ ਦੀ ਅਵੱਸ਼ਕਤਾ ਕਿਉਂ ?*

ਹੁਣ ਅਸੀਂ ਵੇਖਣਾ ਹੈ ਕਿ ਕੇਸਕੀ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਸਜਾਉਣੀ ਕਿਉਂ ਜ਼ਰੂਰੀ ਹੈ ਤੇ ਇਸਦੇ ਕੀ ਲਾਭ ਹਨ?

ਇਸ ਸੰਬੰਧ ਵਿਚ ਕਦਾਚਿਤ ਦੋ ਵਿਚਾਰ ਨਹੀਂ ਪਾਏ ਜਾਂਦੇ ਕਿ ਸਿੰਘ ਜਾਂ ਸਿੰਘਣੀ ਨੂੰ ਸਿਰੋਂ ਨੰਗੇ ਨਹੀਂ ਰਹਿਣਾ ਚਾਹੀਦਾ। ਸਿਰੋਂ ਨੰਗੇ ਰਹਿਣ ਨਾਲ, ਕੇਸਾਂ ਦੀ, ਜੋ ਗੁਰੂ ਦੀ ਮੋਹਰ ਹਨ, ਬੇਅਦਬੀ ਹੁੰਦੀ ਹੈ। ਤੁਸੀਂ ਆਪ ਹੀ ਅੰਦਾਜ਼ਾ ਲਾਓ ਕਿ ਕੋਈ ਸਿੰਘ ਸਿਰੋਂ ਨੰਗਾ ਜਾ ਰਿਹਾ ਹੋਵੇ ਤਾਂ ਕਿਹੋ ਜਿਹਾ ਨਜ਼ਾਰਾ ਪੇਸ਼ ਕਰ ਰਿਹਾ ਹੁੰਦਾ ਹੈ। ਸਿੰਘ ਲਈ ਦੂਹਰੀ ਦਸਤਾਰ ਸਜਾਉਣੀ ਜ਼ਰੂਰੀ ਮੰਨੀ ਜਾਂਦੀ ਹੈ, ਉਹ ਇਸ ਲਈ ਕਿ ਇਕ ਤਾਂ ਉਹ ਚੜ੍ਹਦੀਆਂ ਕਲਾਂ ਵਾਲਾ ਪ੍ਰਭਾਵਸ਼ਾਲੀ ਦ੍ਰਿਸ਼ ਪੇਸ਼ ਕਰੇ ਤੇ ਦੂਜਾ ਜੇ ਕਿਸੇ ਕਾਰਨ ਵੱਡੀ ਦਸਤਾਰ ਉਤਾਰ ਵੀ ਦੇਵੇ, ਉਸ ਦੀ ਛੋਟੀ ਦਸਤਾਰ ਉਸ ਦੇ ਸਿਰ ਨੂੰ ਨੰਗੇ ਹੋਣੋਂ ਬਚਾਉਂਦੀ ਰਹੇ ਅਤੇ ਕੇਸਾਂ ਦੀ ਬੇਅਦਬੀ ਨਾ ਹੋਣ ਦੇਵੇ। ਨੰਗੇ ਸਿਰ ਰਹਿਣ ਵਾਲਿਆਂ ਲਈ ਫੁਰਮਾਨ ਹੈ :

ਨਗਨ ਹੋਇ ਬਾਹਰ ਫਿਰੇ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਂਟਈ,ਤਨਖਾਹੀਆ ਬਡੋ ਕਹਾਇ।
...... ਪਾਗ ਉਤਾਰ ਪ੍ਰਸਾਦਿ ਜੋ ਖਾਵੇ।
ਸੋ ਸਿੱਖ ਕੁੰਭੀ ਨਰਕ ਸਿਧਾਵੇ।
(ਭਾਈ ਨੰਦ ਲਾਲ ਜੀ)

(ਸਿੰਘ ਸ਼ਬਦ ਤੋਂ ਭਾਵ ਸਿੰਘ ਤੇ ਸਿੰਘਣੀਆਂ ਦੋਹਾਂ ਤੋਂ ਹੈ)।

ਫਿਰ :—ਕੇਸ ਨੰਗੇ ਰੱਖਣੇ ਦੋਸ਼ ਹੈ, ਦੋ ਪੱਗਾਂ ਰੱਖਣੀ ਚਾਹੀਏ। ਜੇ ਵੱਡੀ ਲਹਿ ਜਾਏ ਤਾਂ ਛੋਟੀ ਰਹੇ, ਨਿੱਕੀ ਪੱਗ ਨਾ ਲਾਹਵਣੀ।
(ਬਿਜੈ ਮੁਕਤ ਧਰਮ-ਸ਼ਾਸਤ੍ਰ, ਸਾਖੀ-੮)



www.AKJ.Org

ਫਿਰ :–ਕੇਸਾਂ ਵਿਖੇ ਜਲ ਪਾਓ, ਪੱਗ ਦਸਤਾਰ ਜ਼ਮੀਨ ਪਰ ਨਹੀਂ ਰੱਖਣੀ। ਅਦਬ ਨਾਲ ਰੱਖਣੀ। ਨੰਗੇ ਸੀਸ ਪ੍ਰਸ਼ਾਦ ਨਾ ਛਕੋ।

(ਬਿਜੈ ਮੁਕਤ ਧਰਮ ਸ਼ਾਸਤ੍ਰ, ਸਾਖੀ-੭੦)

ਜੋ ਅੰਮ੍ਰਿਤ ਛਕਿਆ ਚਾਹਿ, ਕਛ ਪਹਿਰਾਵੇ,
ਕੇਸ ਕੱਠੇ ਕਰ ਜੂੜਾ ਕਰੇ। ...
ਖੁਲ੍ਹੇ ਕੇਸੀਂ ਔਰ ਜੂੜੇ ਭੋਜਨ ਨਾ ਕਰੇ।

(ਧਰਮ ਸੁਮਾਰਗ ਪਾ: ੧੦–ਉਤਰ ਪ੍ਰਸ਼ਨ ਭਾਈ ਦਇਆ ਸਿੰਘ ਜੀ)

ਸੋ ਸਪੱਸ਼ਟ ਹੈ ਕਿ ਸਿੰਘ ਲਈ (ਸਿੰਘ ਅਤੇ ਸਿੰਘਣੀ ਦੋਵੇਂ) ਨੰਗੇ ਸਿਰ ਰਹਿਣ ਦੀ ਸਖ਼ਤ ਮਨਾਹੀ ਹੈ। ਇਸ ਤੋਂ ਬਚਣ ਲਈ ਸਿੰਘਾਂ ਨੂੰ ਤਾਂ ਆਖਿਆ ਜਾਂਦਾ ਹੈ ਕਿ ਉਹ ਦੂਹਰੀ ਦਸਤਾਰ ਸਜਾਉਣ, ਪਰ ਸਿੰਘਣੀਆਂ ਕੀ ਕਰਨ ? ਸਿੰਘਣੀਆਂ ਨੂੰ ਵੀ ਕੇਸਕੀ ਸਜਾ ਕੇ ਇਸ ਅਵੱਗਿਆ ਤੋਂ ਸਪੱਸ਼ਟ ਹੀ ਬਚਣਾ ਚਾਹੀਦਾ ਹੈ। ਇਹ ਸਭ ਜਾਣਦੇ ਹੀ ਹਨ ਕਿ ਬੀਬੀਆਂ ਆਪਣੇ ਘਰਾਂ ਵਿਚ ਸਿਰ ਕੱਜਣ ਦੀ ਪਰਵਾਹ ਨਹੀਂ ਕਰਦੀਆਂ ਅਤੇ ਸੁਤੇ ਸਿਧ ਹੀ ਉਨ੍ਹਾਂ ਪਾਸੋਂ ਇਹ ਅਵੱਗਿਆ ਹੋ ਜਾਂਦੀ ਹੈ। ਜੇ ਉਨ੍ਹਾਂ ਨੇ ਕੇਸਕੀ ਸਜਾਈ ਹੋਵੇ ਤਾਂ ਕਿਸੇ ਉਚੇਚ ਦੀ ਲੋੜ ਨਹੀਂ ਭਾਸਦੀ ਅਤੇ ਉਨ੍ਹਾਂ ਕੋਲੋਂ ਸਹਿਜੇ ਹੀ ਇਸ ਹੁਕਮ ਦੀ ਪਾਲਣਾ ਹੋ ਸਕਦੀ ਹੈ। ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ : "ਸਾਬਤ ਸੂਰਤਿ ਦਸਤਾਰ ਸਿਰਾ"। ਇਹ ਹੈ ਗੁਰਮਤਿ, ਅਤੇ ਹੈ ਵੀ ਮਰਦ ਅਤੇ ਇਸਤ੍ਰੀ ਦੋਹਾਂ ਲਈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉਂ ਕਰਉਂ ਨਿਵਾਸ।

ਸਾਹਿਬਾਂ ਦਾ ਖਾਸ ਰੂਪ ਕੀ ਹੈ ? ਹਰ ਗੁਰਸਿੱਖ ਜਾਣਦਾ ਹੈ। ਖ਼ਾਲਸੇ ਦਾ ਭਾਵ ਸਿਰਫ਼ ਸਿੰਘ ਹੀ ਨਹੀਂ, ਸਿੰਘ ਅਤੇ ਸਿੰਘਣੀ ਦੋਵੇਂ ਹੀ ਖ਼ਾਲਸਾ ਹਨ। ਸੋ ਸਾਹਿਬ ਫ਼ੁਰਮਾਉਂਦੇ ਹਨ ਕਿ ਉਹ ਖਾਲਸੇ ਵਿਚ ਨਿਵਾਸ ਰੱਖਦੇ ਹਨ, ਪਰ ਉਸ ਖ਼ਾਲਸੇ ਵਿਚ, ਜੋ ਉਹਨਾਂ ਦਾ ਖ਼ਾਸ ਰੂਪ ਹੈ। ਹੁਣ ਆਪ ਹੀ ਅੰਦਾਜ਼ਾ ਲਾਓ ਕਿ ਕੇਸਕੀ ਵਾਲੀ ਬੀਬੀ ਸਾਹਿਬਾਂ ਦੇ ਰੂਪ ਦੇ ਨੇੜੇ ਹੈ ਜਾਂ ਬਿਨਾਂ ਕੇਸਕੀ ਦੇ। ਕੇਸਕੀ ਦੇ ਬਿਨਾਂ ਬੀਬੀਆਂ ਅਨੇਕ ਪ੍ਰਕਾਰ ਦੇ ਫ਼ੈਸ਼ਨ ਕਰਦੀਆਂ ਤੇ ਕੇਸਾਂ ਨੂੰ ਵਿੰਗੇ-ਟੇਢੇ ਢੰਗ ਨਾਲ ਸਵਾਰਦੀਆਂ ਹਨ। ਸੋ ਉਹਨਾਂ ਦਾ ਖ਼ਾਸ ਰੂਪ ਕਿਵੇਂ ਅਖਵਾ ਸਕਦੀਆਂ ਹਨ ? ਫਿਰ ਸਾਹਿਬ ਫੁਰਮਾਉਂਦੇ ਹਨ :

ਜਬ ਲਗ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈ ਸਾਰਾ।

ਨਿਆਰਾਪਨ ਸਮੂਹ ਖ਼ਾਲਸੇ ਲਈ ਹੈ। ਸਿੰਘਣੀ ਉਸੇ ਤਰ੍ਹਾਂ ਹੀ ਖਾਲਸਾ ਹੈ ਜਿਸ ਤਰ੍ਹਾਂ ਸਿੰਘ। ਖਾਲਸੇ ਦਾ ਅੰਮ੍ਰਿਤ ਇੱਕੋ, ਰਹਿਤ ਇੱਕੋ, ਖ਼ਾਲਸੇ ਲਈ ਵਾਹਿਗੁਰੂ ਦਾ ਹੁਕਮ ਇੱਕੋ, ਭਾਵੇਂ ਖ਼ਾਲਸਾ ਮਰਦ ਹੈ ਭਾਵੇਂ ਇਸਤ੍ਰੀ।

ਸਿੱਖ ਇਸਤ੍ਰੀ ਲਈ ਦਸਮ ਪਾਤਸ਼ਾਹ ਜੀ ਦਾ ਦਰਸਾਇਆ ਨਿਆਰਾਪਨ ਕੀ ਹੈ ? ਫ਼ੈਸ਼ਨ ਦੇ ਝੱਖੜਾਂ ਤੂਫਾਨਾਂ ਵਿਚ ਆਪਣੇ ਅਸੂਲਾਂ ਤੇ ਕਾਇਮ ਦਾਇਮ ਰਹਿਣਾ ਹੀ ਨਿਆਰਾਪਨ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਿੰਘ ਤਾਂ ਸਤਿਗੁਰੂ ਜੀ ਦੀ ਬਖਸ਼ੀ ਰਹਿਣੀ ਬਹਿਣੀ ਸਦਕਾ ਲੱਖਾਂ ਵਿਚ ਖਲੋਤਾ ਇਕ ਵੀ ਪਛਾਣਿਆ ਜਾਵੇ, ਪਰ ਸਿੰਘਣੀ ਐਸੀ ਮਿਲਗੋਭਾ ਹੋਈ ਹੈ ਕਿ ਲੱਭਿਆਂ ਵੀ ਨਹੀਂ ਲੱਭਦੀ, ਜਦ ਤੱਕ ਸਿੰਘ ਉਸਦੇ ਨਾਲ ਨਾ ਹੋਵੇ। ਇਹ ਕਿਉਂ ? ਇਸ ਲਈ ਕਿ ਨਾ ਸਿਰ ਤੇ ਜੂੜਾ ਤੇ ਨਾ ਸਿਰ ਤੇ ਕਸਕੀ। ਸੋ ਗੁਰੂ ਸਾਹਿਬ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਬੀਬੀਆਂ ਨੂੰ ਵੀ ਨਿਆਰਾਪਨ ਅਪਣਾਉਣਾ ਪਵੇਗਾ।

ਕੇਸਕੀ ਸਜਾਉਣ ਨਾਲ ਸਾਰੇ ਫ਼ੈਸ਼ਨਾਂ ਤੋਂ ਨਜਾਤ ਪ੍ਰਾਪਤ ਹੋ ਜਾਂਦੀ ਹੈ। ਬਿਨਾਂ ਕੇਸਕੀ ਬੀਬੀਆਂ ਨਾ ਕਥੇ ਜਾਣ ਵਾਲੇ ਫ਼ੈਸ਼ਨ ਕਰਦੀਆਂ ਹਨ। ਜਿਸ ਵਿਚ ਨੰਗੇਜ ਪ੍ਰਧਾਨ ਹੈ, ਜੋ ਕਾਮ-ਉਤੇਜਕ ਹੁੰਦਾ ਹੈ। ਵੇਖਣ ਵਿਚ ਆਉਂਦਾ ਹੈ ਕਿ ਅਜਿਹੇ ਲਿਬਾਸ ਪਾ ਕੇ ਬੀਬੀਆਂ ਗੁਰੂ ਦੇ ਦਰਸ਼ਨ ਕਰਨ ਗੁਰਦੁਆਰੇ ਵੀ ਆ ਜਾਂਦੀਆਂ ਹਨ, ਜਦ ਕਿ ਉੱਥੇ ਸ਼ਰਧਾ-ਭਾਵਨਾ ਨਾਲ, ਸਾਦੇ ਲਿਬਾਸ ਵਿੱਚ ਤੇ ਨਿਮ੍ਰਤਾ ਸਹਿਤ ਕੁੱਝ



www.AKJ.Org

ਪ੍ਰਾਪਤ ਕਰਨ ਲਈ ਆਉਣਾ ਹੁੰਦਾ ਹੈ। ਚੰਚਲ ਲਿਬਾਸ ਵਿੱਚ ਮਨ ਦਾ ਟਿਕਾਉ ਪ੍ਰਾਪਤ ਨਹੀਂ ਹੋ ਸਕਦਾ,ਜੋ ਅਤਿ ਜ਼ਰੂਰੀ ਹੁੰਦਾ ਹੈ।ਜੇ ਬੀਬੀਆਂ ਕੇਸਕੀ ਰੂਪੀ ਪੁਰਾਤਨ ਲਿਬਾਸ ਅਪਣਾ ਲੈਣ ਤਾਂ ਕਾਮ ਉਤੇਜਕ ਫ਼ਿਲਮਾਂ, ਬਾਜ਼ਾਰ ਵਿੱਚ ਤਿਆਰ ਕੀਤਾ ਗਿਆ ਗੰਦ ਪਿੱਲ ਤੇ ਹੋਰ ਅਜਿਹੀਆਂ ਕੁਰੀਤੀਆਂ ਤੋਂ ਸਹਿਜੇ ਹੀ ਬਚਾਉ ਹੋ ਸਕਦਾ ਹੈ। ਕੇਸਕੀ ਵਾਲੀ ਬੀਬੀ ਵੱਲ ਆਚਰਨਹੀਨ ਪੁਰਸ਼ ਮੈਲੀ ਅੱਖ ਨਾਲ ਵੇਖ ਤਕ ਨਹੀਂ ਸਕਦਾ। ਕੇਸਕੀ ਇੱਕ ਅਜਿਹਾ ਪੱਕਾ ਪਹਿਰਾ ਹੈ ਕਿ ਖ਼ਾਲਸਈ ਸਰੂਪ ਵਿਚ ਸਿੰਘਣੀ ਹਰ ਮੁਸ਼ਕਲ ਵਿਚ ਆਪਣਾ ਆਪਾ,ਇੱਜ਼ਤ ਤੇ ਅਣਖ ਸਦਾ ਕਾਇਮ ਰਖ ਸਕਦੀ ਹੈ। ਹਰ ਕੌਮ ਦੀ ਉੱਨਤੀ ਉਸ ਕੌਮ ਦੀ ਇਸਤ੍ਰੀ ਦੀ ਉੱਨਤੀ ਤੇ ਨਿਰਭਰ ਹੈ। ਸੋ ਗੁਰਸਿੱਖ ਬੀਬੀਆਂ ਨੂੰ ਕੌਮੀ ਉੱਚਤਾ ਲਿਆ-ਉਣ ਦੇ ਪੱਖ ਤੋਂ ਵੀ ਇਸ ਪਾਸੇ ਪੂਰਨ ਧਿਆਨ ਦੇਣਾ ਚਾਹੀਦਾ ਹੈ।

ਅੰਮ੍ਰਿਤ ਪਾਨ ਕਰਾਉਣ ਸਮੇਂ ਪੰਜਾਂ ਕਕਾਰਾਂ ਦੀ ਰਹਿਤ ਜ਼ਰੂਰੀ ਦੱਸੀ ਜਾਂਦੀ ਹੈ। ਇਨ੍ਹਾਂ ਵਿੱਚੋਂ ਇੱਕ ਕੱਕਾਰ ਕੰਘਾ ਵੀ ਹੈ, ਜੋ ਕੇਸਾਂ ਦੀ ਸਫਾਈ ਲਈ ਹਰ ਵਕਤ ਕੇਸਾਂ ਵਿਚ ਰੱਖਿਆ ਜਾਂਦਾ ਹੈ। ਅਜੋਕੇ ਸਮੇਂ ਵਿਚ ਅੰਮ੍ਰਿਤ-ਸਿੰਚਾਰ ਸਮੇਂ ਕੇਸਕੀ ਸਜਾਉਣ ਜਾਂ ਨਾ ਸਜਾਉਣ ਦੀ ਖੁਲ੍ਹ ਦੇ ਦਿੱਤੀ ਜਾਂਦੀ ਹੈ। ਜਿਹੜੀਆਂ ਬੀਬੀਆਂ ਕੇਸਕੀ ਨਹੀਂ ਸਜਾਉਂਦੀਆਂ, ਦੱਸੋ ਉਨ੍ਹਾਂ ਦਾ ਕੰਘਾ ਕੇਸਾਂ ਵਿੱਚ ਕਿਵੇਂ ਮਹਿਫ਼ੂਜ਼ ਰਹਿ ਸਕਦਾ ਹੈ ? ਗੁੱਤ ਨਾਲ ਤਾਂ ਕੰਘੇ ਦਾ ਹਰ ਸਮੇਂ ਕੇਸਾਂ ਵਿੱਚ ਟਿਕੇ ਰਹਿਣਾ ਮੁਸ਼ਕਲ ਹੈ। ਕਈ ਬੀਬੀਆਂ ਕੰਘੇ ਨਾਲ ਧਾਗਾ ਬੰਨ੍ਹ ਕੇ ਗੁੱਤ ਨਾਲ ਨੱਥੀ ਕਰ ਲੈਂਦੀਆਂ ਹਨ। ਇਹ ਤਾਂ ਬੁੱਤਾ ਸਾਰਨ ਵਾਲੀ ਗੱਲ ਹੋਈ। ਵੇਖੋ ਕੇਸਕੀ ਵਾਲੀਆਂ ਬੀਬੀਆਂ ਦੀ ਇਸ ਕਕਾਰ ਦੀ ਕਿਹੀ ਸੋਹਣੀ ਰਹਿਤ ਨਿਭਦੀ ਹੈ।

ਇਸ ਦੇ ਉਪਰੰਤ ਬਿਨਾਂ-ਦਸਤਾਰ ਅੰਮ੍ਰਿਤਧਾਰੀ ਬੀਬੀਆਂ ਇਸ਼ਨਾਨ ਸਮੇਂ ਆਮ ਤੌਰ ਤੇ ਕ੍ਰਿਪਾਨ ਉਤਾਰ ਕੇ ਕਿੱਲੀ ਨਾਲ ਟੰਗ ਦੇਂਦੀਆਂ ਹਨ, ਕਿਉਂਕਿ ਉਨ੍ਹਾਂ ਦੇ ਸਿਰ ਤੇ ਕ੍ਰਿਪਾਨ ਦਾ ਟਿਕਣਾ ਮੁਸ਼ਕਲ ਹੁੰਦਾ ਹੈ। ਸੋ ਇਸ ਤਰ੍ਹਾਂ ਉਹ ਜਦ ਤਕ ਇਸ਼ਨਾਨ ਕਰਦੀਆਂ ਹਨ, ਇੱਕ ਕਕਾਰ ਤੋਂ ਵਾਂਞੀਆਂ ਰਹਿੰਦੀਆਂ ਹਨ। ਕਈ ਬੀਬੀਆਂ ਛੋਟੀ ਜਿਹੀ ਕ੍ਰਿਪਾਨ ਤੇ ਕੰਘਾ ਧਾਗੇ ਵਿੱਚ ਪਾ ਕੇ ਗਲੇ ਵਿੱਚ ਲਟਕਾਈ ਰੱਖਦੀਆਂ ਹਨ। ਉਹ 'ਸਿੱਖ ਰਹਿਤ ਮਰਯਾਦਾ' ਨਾਮੀ ਪੁਸਤਕ ਵਿੱਚ ਲਿਖੇ ਇਨ੍ਹਾਂ ਸ਼ਬਦਾਂ ਦਾ ਲਾਭ ਉਠਾਉਂਦੀਆਂ ਹਨ : 'ਕ੍ਰਿਪਾਨ ਦੀ ਲੰਬਾਈ ਨੀਯਤ ਨਹੀਂ।' ਇਸ ਦਾ ਭਾਵ ਤਾਂ ਇਹ ਹੈ ਕਿ ਗਾਤਰੇ ਵਿੱਚ ਪਾਉਣ ਵਾਲੀ ਕ੍ਰਿਪਾਨ ਦੀ ਲੰਬਾਈ ਨੀਯਤ ਨਹੀਂ, ਉਹ ਛੇ ਇੰਚ ਤੋਂ ਡੇਢ ਫੁੱਟ ਤੱਕ ਦੀ ਹੋ ਸਕਦੀ ਹੈ, ਨਾ ਕਿ ਅੱਧੇ ਇੰਚ ਦੀ ਕ੍ਰਿਪਾਨ ਗਲੇ ਵਿਚ ਲਟਕਾ ਕੇ ਬੁੱਤਾ ਸਾਰ ਲਿਆ ਜਾਵੇ। ਦਸਤਾਰ ਵਾਲੀਆਂ ਬੀਬੀਆਂ ਦੀ ਇਹ ਰਹਿਤ ਸਹਿਜੇ ਹੀ ਨਿਭ ਜਾਂਦੀ ਹੈ, ਕਿਉਂਕਿ ਉਨ੍ਹਾਂ ਦੇ ਦਸਮ ਦੁਆਰ ਤੇ ਜੂੜਾ ਹੁੰਦਾ ਹੈ ਅਤੇ ਉੱਪਰ ਕੇਸਕੀ, ਜਿਸ ਕਰਕੇ ਇਸ਼ਨਾਨ ਸਮੇਂ ਕ੍ਰਿਪਾਨ ਸਹਿਜੇ ਹੀ ਸੰਭਾਲੀ ਜਾ ਸਕਦੀ ਹੈ।

ਵੇਖਣ ਵਿੱਚ ਆਉਂਦਾ ਹੈ ਕਿ ਸਿੱਖ ਘਰਾਣਿਆਂ ਵਿੱਚ ਵੀ ਹਿੰਦੂ ਘਰਾਣਿਆਂ ਵਾਂਗ ਸੁਰਖੀ, ਬਿੰਦੀ, ਸੰਧੂਰ ਨਾਲ ਮਾਂਗ ਭਰਨਾ,ਜੈ ਮਾਲਾ ਪਾਉਣੀ, ਵਰਤ ਰੱਖਣੇ, ਜਿਹਾ ਕਿ ਪੂਰਨਮਾਸ਼ੀ, ਕਰਵਾ ਚੌਥ, ਨਰਾਤੇ ਆਦਿ ਦੀਆਂ ਕੁਰੀਤੀਆਂ ਆ ਗਈਆਂ ਹਨ। ਪਰਚਾਰਕ ਕਾਫ਼ੀ ਸਮਝਾਉਂਦੇ ਹਨ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ, ਪਰ ਕੌਣ ਸੁਣਦਾ ਹੈ ? ਇਸ ਦੇ ਉਲਟ ਕੇਸਕੀ ਵਾਲੀਆਂ ਬੀਬੀਆਂ ਇਨ੍ਹਾਂ ਸਾਰੀਆਂ ਕੁਰੀਤੀਆਂ ਤੋਂ ਸਹਿਜੇ ਹੀ ਦੂਰ ਰਹਿੰਦੀਆਂ ਹਨ। ਵੇਖੋ ਇੱਕ ਕੇਸਕੀ ਸਜਾਉਣ ਨਾਲ ਕਿੰਨਾ ਸੁਧਾਰ ਹੋਇਆ ? ਜੋ ਕੰਮ ਅਣਗਿਣਤ ਪਰਚਾਰਕ ਨਹੀਂ ਕਰ ਸਕੇ ਉਹ ਕੁੱਝ ਕੇਸਕੀ ਸਹਿਜੇ ਹੀ ਕਰ ਗਈ। ਪਰਚਾਰਕਾਂ ਦੇ ਆਪਣੇ ਘਰਾਂ ਵਿਚ ਅਜਿਹੀਆਂ ਕੁਰੀਤੀਆਂ ਵੇਖਣ ਵਿਚ ਆਉਂਦੀਆਂ ਹਨ, ਜਿਸ ਕਰਕੇ ਉਨ੍ਹਾਂ ਦੇ ਪਰਚਾਰ ਦਾ ਅਸਰ ਘਟ ਜਾਂਦਾ ਹੈ। ਜੇ ਉਹ


www.AKJ.Org

ਆਪਣੀਆਂ ਸੁਪਤਨੀਆਂ ਨੂੰ ਕੇਸਕੀ ਸਜਵਾ ਦੇਣ ਤਾਂ ਉਨ੍ਹਾਂ ਦੇ ਪਰਚਾਰ ਦਾ ਰਾਹ ਕਾਫ਼ੀ ਸੌਖਾ ਤੇ ਪ੍ਰਭਾਵਸ਼ਾਲੀ ਹੋ ਜਾਵੇਗਾ। ਜੇ ਸਿੱਖ ਬੀਬੀਆਂ ਕੇਸਕੀ ਸਜ਼ਾ ਲੈਣ ਤਾਂ ਗੁਰਸਿੱਖ ਰਹਿਣੀ ਬਹਿਣੀ ਬਹੁਤ ਛੇਤੀ ਪਰਵਾਨੀ ਜਾ ਸਕਦੀ ਹੈ ਅਤੇ ਬਹੁਤੇ ਲੈਕਚਰਾਂ ਤੋਂ ਬਿਨਾਂ ਹੀ ਸੁਧਾਰ ਹੋ ਸਕਦਾ ਹੈ।

ਸੋ ਇਹ ਹਨ ਕੇਸਕੀ ਸਜਾਉਣ ਦੇ ਲਾਭਾਂ ਬਾਰੇ ਕੁੱਝ ਕੁ ਵਿਚਾਰ, ਜੋ ਸਿੱਖ ਬੀਬੀਆਂ ਪਾਸ ਪੇਸ਼ ਕੀਤੇ ਜਾਂਦੇ ਹਨ। ਉਹ ਆਪ ਚੰਗੀ ਤਰ੍ਹਾਂ ਵਿਚਾਰ ਕਰ ਕੇ ਵੇਖ ਲੈਣ ਕਿ ਕੇਸਕੀ ਦਾ ਸਜਾਉਣਾ ਲਾਹੇਵੰਦਾ ਹੈ ਜਾਂ ਨਾ ਸਜਾਉਣਾ। ਉਹ ਆਪ ਹੀ ਨਿਰਣਾ ਕਰਨ ਕਿ ਕਿਹੜੀ ਅਵਸਥਾ ਗੁਰਸਿੱਖੀ ਦੇ ਨੇੜੇ ਕਰਦੀ ਹੈ ਅਤੇ ਕਿਹੜੀ ਦੂਰ ਲਿਜਾਂਦੀ ਹੈ। ਸੋ ਸਪੱਸ਼ਟ ਹੈ ਕਿ ਸਿੰਘ ਬੀਬੀਆਂ ਲਈ ਕੇਸਕੀ ਸਜਾਣੀ ਲਾਹੇਵੰਦ ਹੈ ਤੇ ਇਸ ਤਰ੍ਹਾਂ ਇਸ ਦਾ ਸਜਾਉਣਾ ਜ਼ਰੂਰੀ ਬਣ ਜਾਂਦਾ ਹੈ।

---

## ਹੁਸ਼ਿਆਰਪੁਰ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ

ਸ੍ਰੀ ਗੁਰੂ ਸਿੰਘ ਸਭਾ (ਰੇਲਵੇ ਰੋਡ) ਹੁਸ਼ਿਆਰਪੁਰ ਵਿਖੇ ੪ ਮਾਰਚ ਨੂੰ ਸਵੇਰੇ ੬ ਵਜੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੯ ਵਜੇ ਤਕ ਅਖੰਡ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ, ਜਿਸ ਦੇ ਭੋਗ ੫ ਮਾਰਚ ਐਤਵਾਰ ਸਵੇਰੇ ੭ ਵਜੇ ਪੈਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ

ਪੁਛ ਗਿਛ—ਪ੍ਰੋ. ਲਖਦੇਵ ਸਿੰਘ J.R. Govt. Polytechnic, ਹੁਸ਼ਿਆਰਪੁਰ।

---

## ਇਲਾਕਾ ਮੰਨਣ ਵਲੋਂ ਅਖੰਡਪਾਠਾਂ ਦੀ ਲੜੀ ਤੇ ਕੀਰਤਨ ਪ੍ਰੋਗਰਾਮ

੨ ਫ਼ਰਵਰੀ ਤੋਂ ੯ ਅਪ੍ਰੈਲ ਤਕ, ੮ ਅਪ੍ਰੈਲ ਨੂੰ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਹੈ। ਇਸ ਦਿਨ ਅਖੰਡ ਕੀਰਤਨ ਜੱਥਿਆਂ ਵਲੋਂ ਪਿੰਡ ਮੰਨਣ ਵਿਖੇ ਉਚੇਚੇ ਪ੍ਰੋਗਰਾਮ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫ਼ਰਵਰੀ ਦੇ ਪ੍ਰੋਗਰਾਮ ਇਸ ਤਰ੍ਹਾਂ ਹਨ—੨ ਤੋਂ ੧੨ ਮੰਨਣ ਵਿਖੇ ਲਗਾਤਾਰ ਪੰਜ ਅਖੰਡ ਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ੧੨ ਫ਼ਰਵਰੀ ਬਲ, ੧੩ ਸਰਮਸਤਪੁਰ, ੧੪ ਕਿਸ਼ਨਗੜ੍ਹ, ੧੫ ਮੰਨਣ, ੧੬ ਸਿੰਘਵਾਲ, ੧੭ ਦੋਲਤਪੁਰ, ੧੮ ਬਿਆਸ ਪਿੰਡ, ੧੯ ਬੱਲ, ੨੦ ਕਾਲਾ ਬਕਰਾ, ੨੧ ਕਿਸ਼ਨ ਪੁਰ, ੨੨ ਮੰਨਣ, ੨੩ ਗੜੀ ਬਖਸ਼ਾ, ੨੪ ਬਾਹੋਪੁਰ, ੨੫ ਸਤੋਵਾਲੀ, ੨੬ ਬੱਲ, ੨੭ ਦੋਦ, ੨੮ ਐਮਾ ਕਾਜ਼ੀ, ਮਾਰਚ ੧ ਮੰਨਣ, ੨ ਚਕਰਾਲਾ, ੩ ਤੋਂ ੫ ਰਾਪੁਰ (ਨੇੜੇ ਟਾਂਡਾ) ਅਖੰਡਪਾਠ ਤੇ ਰੇਣ ਸਬਾਈ।

ਨੋਟ :—ਮੰਨਣ ਪਿੰਡ ਜਲੰਧਰ—ਪਠਾਨਕੋਟ ਰੋਡ ਤੇ, ਪਿੰਡ ਬੱਲ ਤੋਂ ਦੋ ਕਿਲੋਮੀਟਰ ਹੈ।

ਪੁੱਛ ਗਿੱਛ—ਭਾਈ ਪੂਰਨ ਸਿੰਘ, ਭਾਈ ਸਬੇਗ ਸਿੰਘ, ਪਿੰਡ ਮੰਨਣ ਜ਼ਿਲਾ ਜਲੰਧਰ।

---

## ਪਾਰੋਵਾਲ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਗੁਰਦਾਸਪੁਰ ਅਤੇ ਅੰਮ੍ਰਿਤਸਰ ਕੀਰਤਨੀ ਜੱਥਿਆਂ ਵਲੋਂ ੪ ਮਾਰਚ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਾਹਿਬ ਪਾਰੋਵਾਲ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਸ਼ਾਮਲ ਹੋਣ ਲਈ ਦੂਰੋਂ ਨੇੜਿਓਂ ਕੀਰਤਨੀਏ ਪੁਜ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਨੋਟ--ਅੰਮ੍ਰਿਤਸਰ ਅਜੀਤ ਨਗਰ ਤੋਂ ਟਰੱਕ ਅਤੇ ਬਟਾਲਾ ਮੁਰਗੀ ਮਹੱਲੇ ਤੋਂ ਸ਼ਾਮ ਨੂੰ ਟਰਾਲੀ ਦਾ ਪਰਬੰਧ ਹੋਵੇਗਾ।

ਦਰਸ਼ਨ ਅਭਿਲਾਖੀ--ਸੰਗਤ ਪਾਰੋਵਾਲ

ਪੁਛ ਗਿਛ--ਵਰਿੰਦਰ ਸਿੰਘ ਅਵਤਾਰ ਸਿੰਘ, ਪਾਰੋਵਾਲ (ਜ਼ਿਲਾ ਗੁਰਦਾਸਪੁਰ)

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੩)

## *ਨੂਰਦੀਨ ਖ਼ਾਂ ਬਾਮਜ਼ਈ ਦਾ ਪੰਜਾਬ ਨੂੰ ਚੜ੍ਹਨਾ–*

ਅਹਿਮਦਸ਼ਾਹ ਅਬਦਾਲੀ ਅਜੇ ਕੰਧਾਰ ਨਹੀਂ ਸੀ ਅਪੜਿਆ ਕਿ ਪੰਜਾਬ ਵਿਚ ਸਿਖਾਂ ਦੇ ਹਥੋਂ ਖ਼ੁਆਜਾ ਮਿਰਜ਼ਾ ਜਾਨ ਤੇ ਉਸ ਦੀ ਫ਼ੌਜ ਦੀ ਮੁਕੰਮਲ ਤਬਾਹੀ ਦੀ ਰਿਪੋਰਟ ਪੁਜੀ। ਸੁਣਦਿਆਂ ਸਾਰ ਉਹ ਅੱਗ-ਭਬੂਕਾ ਹੋ ਗਿਆ ਤੇ ਲਗਾ ਦੰਦੀਆਂ ਪੀਹਣ। ਉਸਨੇ ਕੰਧਾਰ ਅਪੜਦਿਆਂ ਹੀ ਆਪਣੇ ਜ਼ਬਰਦਸਤ ਤੇ ਹੰਢੇ ਹੋਏ ਜਰਨੈਲ ਨੂਰਦੀਨ ਬਾਮਜ਼ਈ ਦੀ ਕਮਾਨ ਥਲੇ ਇਕ ਤਕੜੀ ਮੁਹਿੰਮ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਭੇਜੀ। ਇਹ ਉਹੋ ਨੂਰਦੀਨ ਬਾਮਜ਼ਈ ਹੈ ਜਿਸ ਨੇ ੧੭੫੯ ਵਿਚ ਭੇਰਾ, ਮਿਆਣੀ ਅਤੇ ਚਕ ਸਾਹਨੂੰ ਆਦਿ ਘੁਗ ਵਸਦਿਆਂ ਨੂੰ ਬੁਰੀ ਤਰ੍ਹਾਂ ਕਤਲਾਮ ਕਰਕੇ ਬਾਅਦ ਵਿਚ ਅੱਗ ਨਾਲ ਸਾੜਫੂਕ ਕੇ ਸਵਾਹ ਦੇ ਢੇਰ ਕਰ ਦਿਤਾ ਸੀ1।

1ਤਾਰੀਖ਼ ਆਲਮਗੀਰ ਸਾਨੀ ੧੯੧ ਬ; ਐਲਫ਼ਿਨਸਟਨ ਸਾਹਿਬ ਦਾ "ਕਾਬਲ" ਸਫ਼ਾ ੨੯੧; ਐਸਲੀ ਤੇ ਡੇਵੀਸ ਸ਼ਾਹਿਬ ਦੀ ਸ਼ਾਹਪੁਰ ਡਿਸਟ੍ਰਿਕਟ ਰੀਵਾਈਜ਼ਡ ਸੈਟਲਮੈਂਟ ਰਿਪੋਰਟ (੧੮੮੬); ਮਿਸਟਰ ਵਿਲਸਨ ਸ਼ਾਹਪੁਰ ਡਿਸਟ੍ਰਿਕਟ ਗਜ਼ਟੀਅਰ ੩੨-੩੩।

ਸ਼ਾਹਪੁਰ ਸੈਟਲਮੈਂਟ ਰਿਪੋਰਟ ਦੇ ਪੰਨਾ ੩੬ ਤੇ ਅੰਕਤ ਹੈ—"ਨੂਰਉੱਦੀਨ ਦੇ ਜ਼ੁਲਮ ਤੇ ਅੰਨ੍ਹੇਰਗਰਦੀ ਦਾ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਤੋਂ ਪਹਿਲਾਂ ਕਦੀ ਕਿਸੇ ਹਮਲਾਆਵਰ ਨੇ ਏਨੀ ਕਤਲਾਮ ਤੇ ਬਰਬਾਦੀ ਨਹੀਂ ਸੀ ਕੀਤੀ......ਭੇਰਾ ਤੇ ਮਿਆਣੀ ਤਾਂ ਭਾਵੇਂ ਮਾੜੇ ਮੋਟੇ ਫਿਰ ਵੱਸ ਪਏ, ਪਰ ਚੱਕਸਾਹਨੂੰ ਅੱਜ ਵੀ ਖੰਡਰ ਹੈ।" ੩੩ ਸਫ਼ਾ ਵੀ ਵੇਖਣ ਯੋਗ ਹੈ।

ਗੁਜਰਾਤ ਡਿਸਟ੍ਰਿਕਟ ਗਜ਼ਟੀਅਰ (੧੮੮੩-੮੪) ਸਫਾ ੧੫-੧੬ ਵਿਚ ਲਿਖਿਆ ਹੈ, "ਅਹਿਮਦਸ਼ਾਹ ਦੁਰਾਨੀ ਦੇ ਲਸ਼ਕਰਾਂ ਨੇ ਜੋ ਤਬਾਹੀ ਤੇ ਬਰਬਾਦੀ ਹਮਲਿਆਂ ਵੇਲ ਮਚਾਈ, ਉਸ ਦਾ ਅੰਦਾਜ਼ਾ ਇਸ ਅਖੌਤ ਤੋਂ ਭਲੀ ਭਾਂਤ ਲੱਗ ਸਕਦਾ ਹੈ ਕਿ ਖਾਧਾ ਪੀਤਾ ਲਾਹੇ ਦਾ, ਵਾਧੂ ਅਹਿਮਦ ਸ਼ਾਹੇ ਦਾ।"

"ਅਹਿਮਦਸ਼ਾਹ ਦੁਰਾਨੀ" ਕਿਰਤ ਡਾ: ਗੰਡਾ ਸਿੰਘ, ਸਫ਼ਾ ੨੨੧-੨੨੩; ਤਾਰੀਖ਼ਿ ਆਲਮਗੀਰ ਸਾਨੀ, ੧੯੧-ਬ।

ਇਹ ਮਾਰੋ ਮਾਰ ਕਰਦਾ ਚਨਾਬ ਆਣ ਟਪਿਆ ਤੇ ਇਸਦਾ ਸਿੱਧਾ ਪਹਿਲਾ ਭੇੜ ਸ. ਚੜ੍ਹਤ ਸਿੰਘ ਸੁਕਰਚਕੀਏ ਨਾਲ, ਜਿਹੜਾ ਗੁਜਰਾਂਵਾਲੇ ਤੇ ਉਸਦੇ ਇਰਦ ਗਿਰਦ ਦੇ ਇਲਾਕੇ ਕਬਜ਼ੇ ਕਰੀ ਬੈਠਾ ਸੀ, ਪਿਆ। ਨੂਰਉੱਦੀਨ ਦੀ ਤੀਜਾ ਕੁ ਹਿੱਸਾ ਫ਼ੌਜ ਪਹਿਲੀ ਹੀ ਝੜਪ ਵਿਚ ਸਿੰਘਾਂ ਨੇ ਤੂੰਬਾ ਤੂੰਬਾ ਕਰ ਸੁਟੀ। ਰਾਤ ਦੇ ਅੰਨ੍ਹੇਰੇ ਨੇ ਨੂਰਉਦੀਨ ਨੂੰ ਮੌਕਾ ਦੇ ਦਿਤਾ ਤੇ ਉਹ ਬਾਕੀ ਦੀ ਫ਼ੌਜ ਸਮੇਤ ਜਿਉਂ ਭਜਾ, ਸਿੱਧਾ ਸਿਆਲ ਕੋਟ ਦੇ ਕਿਲ੍ਹੇ ਵਿਚ ਹੀ ਜਾ ਕੇ ਦਮ ਲਿਆ ਤੇ ਕਿਲ੍ਹਾ-ਬੰਦ ਹੋ ਗਿਆ। ਸ: ਚੜ੍ਹਤ ਸਿੰਘ ਵੀ ਮਗਰੇ ਹੀ ਆਇਆ ਤੇ ਸਿਆਲਕੋਟ ਨੂੰ ਆਣ ਘੇਰਾ ਘਤਿਆ। ਇਕ ਅਜੀਬ ਹੀ ਨਜ਼ਾਰਾ ਸੀ। ਨੂਰਉੱਦੀਨ ੧੨ ਕੁ ਹਜ਼ਾਰ ਅਫ਼ਗਾਨ ਸਿਪਾਹੀਆਂ ਸਮੇਤ ਅੰਦਰ ਹੈ। ਬਾਹਰ ਖ਼ਾਲਸਾ ਜੀ ਸ਼ੇਰਾਂ ਵਾਂਗ ਗੱਜ ਰਿਹਾ ਹੈ। ਪੂਰੀ ਨਾਕਾ-ਬੰਦੀ ਹੈ। ਘਾਹ ਪੱਠੇ ਤੇ ਖ਼ੁਰਾਕ ਦੀ ਕੋਈ ਆਸ ਨਹੀਂ ਸੀ। ਨੂਰਉੱਦੀਨ ਨੇ ਰਾਤ ਨੂੰ ਇਕ ਸਿਖ ਦਾ ਭੇਸ ਬਦਲਿਆ ਤੇ ਕਿਲ੍ਹੇ ਚੋਂ ਨਿਕਲ ਗਿਆ ਤੇ ਜੰਮੂ ਵਲ ਨੂੰ ਭਜ ਗਿਆ। ਕੁਝ ਦੇਰ ਬਾਅਦ ਫ਼ੌਜ ਵਿਚ ਵੀ ਤਰਥਲ ਮਚ ਗਿਆ। ਸੂਰਜ ਚੜ੍ਹਦੇ ਨਾਲ ਹੀ ਫ਼ੌਜ ਨੇ ਹੈਦਰੀ ਝੰਡਾ ਨੀਵਾਂ ਕਰ ਕੇ ਹਾਰ ਦਾ ਝੰਡਾ ਖੜਾ ਕਰ ਦਿਤਾ2। ਝਟ ਹਥਿਆਰ ਸੁੱਟ ਦਿੱਤੇ ਤੇ ਖ਼ਾਲਸਾ ਜੀ ਅੱਗੇ ਆਤਮ ਸਮਰਪਨ ਕਰ ਦਿਤਾ। ਨਾਲ ਹੀ ਸਤਿਗੁਰਾਂ ਦੇ ਨਾਂ ਤੇ ਰਹਿਮ ਦੀ ਭੀਖ ਮੰਗੀ, ਉਹੋ ਰਹਿਮ, ਜੋ ਜਿੱਤ ਦੀ ਹਾਲਤ ਵਿਚ ਇਹ ਲੋਕ ਕਦੇ ਕਿਸੇ ਤੇ ਕਰਨਾ ਸਿਖੇ ਹੀ ਨਹੀਂ।

ਇਹ ਖ਼ਾਲਸਈ ਕਰਤਵ ਹੈ ਕਿ ਏਡੇ ਵੱਡੇ ਪੱਕ

2ਪੰਥ ਪ੍ਰਕਾਸ਼ ੭੬੨; ਕਨ੍ਹਈਆ ਲਾਲ–'ਤਾਰੀਖ਼ਿ ਪੰਜਾਬ' ਸਫ਼ਾ ੮੪; ਉਮਦਾ-ਤੁ ਤਵਾਰੀਖ਼, ii ੬-੭; ਮਖ਼ਜ਼ਨੇ ਪੰਜਾਬ-੪੧੭; ਡਾ: ਗੰਡਾ ਸਿੰਘ ਅਹਿਮਦ ਸ਼ਾਹ ਦੁਰਾਨੀ, ਸਫ਼ਾ ੨੭੩।



www.AKJ.Org

ਪੀਢੇ ਦੁਸ਼ਮਨ ਨੂੰ ਵੀ, ਜੋ ਖਾਲਸਾ ਜੀ ਦਾ ਨਾਮੋ ਨਿਸ਼ਾਨ ਹੀ ਮਿਟਾ ਦੇਣ ਤੇ ਤੁਲਿਆ ਹੋਇਆ ਹੈ, ਜਿਸਨੇ ਹਿੰਦ ਵਾਸੀਆਂ ਪ੍ਰਤੀ ਏਨੇ ਜ਼ੁਲਮ ਕੀਤੇ ਹਨ ਕਿ ਮੁਆਫ਼ੀ ਦੇ ਉਹ ਕਿਸੇ ਸੂਰਤ ਵਿਚ ਵੀ ਹੱਕਦਾਰ ਨਹੀਂ। ਜਦ ਉਹ ਦੁਸ਼ਮਣ ਹਥਿਆਰ ਸੁਟ ਕੇ, ਸ਼ਰਨ ਆ ਕੇ ਰਹਿਮ ਦੀ ਭੀਖ ਮੰਗਦਾ ਹੈ ਤਾਂ ਉਦਾਰਚਿਤ ਖ਼ਾਲਸਾ ਉਸੇ ਵੇਲੇ ਹੀ ਉਸ ਨੂੰ ਮੁਆਫ਼ ਕਰ ਦਿੰਦਾ ਹੈ। ਇਹ ਉਹੋ ਲੋਕ ਹਨ ਜਿਨ੍ਹਾਂ ਨੇ ਅਗਲੇ ਸਾਲ ਹੀ ਵੱਡੇ ਘੱਲੂਘਾਰੇ ਵਿਚ ਦਿਲ ਖੋਲ੍ਹ ਕੇ ਖਾਲਸਾ ਜੀ ਦੇ ਨਿਹੱਥੇ ਬੁਢੇ ਬਚਿਆਂ, ਜ਼ਖਮੀਆਂ ਤੇ ਤ੍ਰੀਮਤਾਂ ਦੇ ਖ਼ੂਨ ਵਿਚ ਹੱਥ ਰੰਗੇ।

ਮਾਮੂਲੀ ਦਿਲ ਗੁਰਦੇ ਵਾਲਾ ਵਿਅਕਤੀ ਕਹੇਗਾ ਕਿ ਸਿੰਘਾਂ ਨੇ, (ਸ: ਚੜ੍ਹਤ ਸਿੰਘ ਸੁਕਰਚੱਕੀਏ ਨੇ) ਇਹਨਾਂ ਜਰਵਾਣਿਆਂ ਨੂੰ ਜੀਉਂਦਾ ਛਡ ਕੇ ਬੜੀ ਭਾਰੀ ਭੁਲ ਕੀਤੀ। ਜਦ ਕਿ ਏਨੇ ਸਿੰਘ ਜੇ ਉਨ੍ਹਾਂ ਦੇ ਕਾਬੂ ਆ ਜਾਂਦੇ ਤਾਂ ਇਹ ਇਸਲਾਮੀ ਗ਼ਾਜ਼ੀ ਇਹਨਾਂ ਨੂੰ ਕਦੀ ਇਕ ਪਲ ਲਈ ਵੀ ਜੀਊਂਦਾ ਨਾ ਛਡਦੇ, ਕਿਉਂਕਿ ਗਾਜ਼ੀਆਂ ਦਾ ਇਸਲਾਮੀ ਜੋਸ਼ ਉਦੋਂ ਸਿਖਰਾਂ ਤੇ ਹੁੰਦਾ ਹੈ ਜਦ ਕੋਈ ਇਹਨਾਂ ਦੇ ਕਾਬੂ ਆ ਜਾਵੇ, ਨਿਹਥਾ ਹੋਵੇ ਜਾਂ ਗਿਣਤੀ ਵਿਚ ਬਹੁਤ ਹੀ ਘਟ ਹੋਵੇ, ਫਿਰ ਤਾਂ ਇਹਨਾਂ ਗਾਜ਼ੀਆਂ ਦਾ ਕੀ ਕਹਿਣਾ! ਫਿਰ ਬੱਚੇ, ਬੁਢੇ ਤੇ ਔਰਤਾਂ ਮਾਰਨੀਆਂ ਇਨ੍ਹਾਂ ਲਈ ਕੋਈ ਔਖਾ ਨਹੀਂ[3]। ਨਾ ਮਰਦਾਨਗੀ ਦੀ ਲਾਅਨਤ ਨਾ ਆਤਮਾ ਦੀ ਫਿਟਕਾਰ, ਨਾ ਹੀ ਕੋਈ ਹੋਰ ਅਸਰ ਮਨ ਨੂੰ ਪ੍ਰਭਾਵਤ ਕਰ ਸਕਦਾ ਹੈ। ਫਿਰ ਤਾਂ ਬਹਿਸ਼ਤਾਂ ਦੇ ਦਰਵਾਜ਼ੇ ਖੁਲ੍ਹੇ ਅਤੇ ਹੂਰਾਂ ਤੇ ਗ਼ੁਲਾਮ ਸਵਾਗਤ ਲਈ ਖੜੇ ਨਜ਼ਰ ਆਉਂਦੇ ਹਨ, ਤੇ ਜਦ ਇਹ ਸੂਰਬੀਰ ਗਾਜ਼ੀ ਕਿਤੇ ਆ ਜਾਣ ਆਪ ਕਾਬੂ, ਜਿਸ ਤਰ੍ਹਾਂ ਕਿ ਇਤਿਹਾਸ ਦੇ ਸਫ਼ਿਆਂ ਦੇ ਸਫੇ ਗਵਾਹੀ ਦੇਂਦੇ ਹਨ, ਤਾਂ ਫਿਰ ਮੁਆਫ਼ੀ ਤੇ ਰਹਿਮ ਲਈ ਲਿਲਕਣੀਆਂ ਲੈਂਦੇ ਤੇ ਹਾੜ੍ਹੇ ਕਢਦਿਆਂ ਦੀ ਹਾਲਤ ਬੜੀ ਹਾਸੋ ਹੀਣੀ ਹੁੰਦੀ ਹੈ। ਦੁਸ਼ਮਣ ਲਈ ਰਹਿਮ ਤੇ ਮੁਆਫ਼ੀ ਤਾਂ ਇਹ ਜਾਣਦੇ ਹੀ ਨਹੀਂ। ਫੜੇ ਗਏ ਦੁਸ਼ਮਣ ਨੂੰ ਤੁਰੰਤ ਮੁਕਾ ਦੇਣਾ ਸਭ ਤੋਂ ਪਹਿਲਾ ਕੰਮ ਹੈ। ਇਹ ਇਹਨਾਂ ਦੀ ਤਾਲੀਮ ਰਾਹੀਂ ਇਹਨਾਂ ਦੀ ਆਤਮਾ ਵਿਚ ਸਮਾ ਚੁਕੀ ਬੁਜ਼ਦਿਲੀ ਤੇ ਡਰਪੋਕੀ ਦਾ ਪਰਤੀਕ ਹੈ। ਇਹੋ ਕਾਰਨ ਹੈ ਕਿ ਇਹ ਰਹਿਮ ਦਾ ਸ਼ਬਦ ਉਦੋਂ ਜ਼ਬਾਨ ਤੇ ਲਿਆਉਂਦੇ ਹਨ ਜਦ ਕਾਬੂ ਆ ਗਏ ਹੋਣ।

ਖ਼ਾਲਸਾ ਜੀ ਨੂੰ ਬਲਵਾਨ ਤੋਂ ਬਲਵਾਨ ਦੁਸ਼ਮਣ ਦਾ ਵੀ ਕੋਈ ਡਰ ਨਹੀਂ। ਉਹਨਾਂ ਦੀ ਆਤਮਾ ਇਸ ਪਾਸਿਉਂ ਨਿਰਛਲ ਤੇ ਪ੍ਰਬਲ ਹੈ। ਉਹ ਹੱਥ ਆਏ ਦੁਸ਼ਮਣ ਨੂੰ, ਗੁਰੂ ਦੇ ਨਾਂ ਤੇ ਪਨਾਹ ਮੰਗਣ ਵਾਲੇ ਨੂੰ ਕ੍ਰਿਵੇਂ ਮਾਰ ਸਕਦੇ ਹਨ?

ਏਸੇ ਤਰ੍ਹਾਂ ਸ: ਚੜ੍ਹਤ ਸਿੰਘ ਨੇ ਅਹਿਮਦਸ਼ਾਹ ਅਬਦਾਲੀ ਦੇ ਚਾਚੇ ਨੂੰ ਵੀ ਛਡ ਦਿਤਾ ਸੀ, ਅਨੇਕਾਂ ਫੜੇ ਪਠਾਣਾਂ ਤੋਂ ਸਰੋਵਰਾਂ ਦੀ ਕਾਰ ਸੇਵਾ ਲੈ ਕੇ[4] ਰੋਟੀ ਪਾਣੀ ਨਾਲ ਰਜਾ ਕੇ ਸਿੰਘ ਛਡ ਦਿਆ ਕਰਦੇ ਸਨ ਤੇ ਕਿਹਾ ਕਰਦੇ ਸਨ—"ਕੈਦੀ ਤੇ ਨਿਹੱਥੇ ਨੂੰ ਮਾਰਨਾ ਖ਼ਾਲਸਾ ਜੀ ਦਾ ਅਸੂਲ ਨਹੀਂ ਹੈ। ਜਾਉ, ਫਿਰ ਮੈਦਾਨ ਵਿਚ ਆਵੋ ਤੇ ਬਾਕੀ ਅਗਲਾ ਫ਼ੈਸਲਾ ਫਿਰ ਉਥੇ ਹੋਵੇਗਾ।" ਰਿਹਾ ਕੀਤੇ ਜਾਣ ਵਾਲੇ ਕੈਦੀ

---

3ਗੁਲਾਮ ਹੁਸੈਨ ਸਾਮੀਨ—ਹਾਲਾਤੇ ਆਮਦਨੇ ਅਹਿਮਦਸ਼ਾਹ ਦੁਰਾਨੀ ਦਰ ਹਿੰਦੁਸਤਾਨ ੧੧੬੯ ਹਿਜ਼ਰੀ ਸਫ਼ਾ ੨੩—ਬਲਭਗੜ੍ਹ ਤੇ ਹਲੇ ਵੇਲੇ ਅਹਿਮਦਸ਼ਾਹ ਨੇ ਜਹਾਨ ਖ਼ਾਨ ਤੇ ਨਜੀਬ ਉੱਦੌਲਾ ਨੂੰ ਇਹ ਹੁਕਮ ਦਿੱਤਾ ਸੀ ਕਿ ਕਾਫ਼ਰ ਜਾਟ (ਸੂਰਜ ਮਲ) ਦੇ ਮੁਲਕ ਵਿਚ ਘੁਸ ਕੇ ਸਭ ਮਰਦ ਤੀਵੀਆਂ ਬੁਢੇ ਬੱਚੇ ਤਹਿ-ਤੇਗ ਕਰ ਦਿਉ, ਸ਼ਹਿਰ ਤੇ ਪਿੰਡ ਫੂਕ ਕੇ ਖੰਡਰ ਕਰ ਦਿਉ। ਮਥਰਾ ਜੋ ਹਿੰਦੂਆਂ ਦਾ ਪਵਿੱਤਰ ਸ਼ਹਿਰ ਹੈ, ਸਾਰੀ ਵਸੋਂ ਤਲਵਾਰ ਦੇ ਘਾਟ ਉਤਾਰ ਦਿਉ। ਸ਼ਹਿਰਾਂ ਤੇ ਪਿੰਡਾਂ ਵਿਚ ਕੱਖ ਨਹੀਂ ਛੱਡਣਾ। ਅਕਬਰਾਬਾਦ (ਆਗਰੇ) ਤਕ ਕੋਈ ਚੀਜ਼ ਖਲੋਤੀ ਨਜ਼ਰ ਨਾ ਆਵੇ—ਇਨਸ ਨ-ਪਸ਼ੂ-ਮਕਾਨ ਫ਼ਸਲਾਂ ਤੇ ਰੁਖ਼। ਹਰ ਵੱਢੇ ਸਿਰ ਦੇ ਪੰਜ ਰੁਪਏ ਮਿਲਣਗੇ।

[ਬਾਕੀ ਦੇਖੋ ਸਫ਼ਾ ੨੯, ਕਾਲਮ ਪਹਿਲਾ]

---

4ਤਹਿਮਾਸਨਾਮਾ ੮੩ਬ; ਤਜ਼ਕਰਾ-ਇ-ਇਮਾਦ ੩੮੨; ਐਲਫ਼ਿਨਸਟਨ ਕਾਬਲ-੨੯੦, ਤਾਰੀਖ਼ਿ ਆਲਮਗੀਰ ਸਾਨੀ; ੧੬੫-ਓ; ਹੁਸੈਨ ਸ਼ਾਹੀ, ੩੫; ਤਾਰੀਖ਼ਿ ਸੁਲਤਾਨੀ, ੧੩੪; ਰਿਸਾਲਾ-ਇ-ਨਾਨਕਸ਼ਾਹ ੧੨੮ ਬ, ਵਾਕਿਆਤਿ ਦੁਰਾਨੀ ੧੧; ਤਾਰੀਖ਼ਿ ਗੁਜਰਾਂਵਾਲਾ ੧੯, ਹਕੀਕਤਿ ਬਨਾਵਅਰੂਜੇ ਫ਼ਿਰਕਾ-ਇ ਸਿਖਾਂ ੩੭, ਡਾ: ਗੰਡਾ ਸਿੰਘ ੧੦੫—੧੦੬



www.AKJ.Org

ਵੀ ਤੇ ਦੁਨੀਆ ਵੀ ਮੂੰਹ ਵਿਚ ਉਂਗਲਾਂ ਪਾ ਲੈਂਦੀ ਸੀ ਕਿ ਇਹ ਰੱਬ ਦੇ ਬੰਦੇ ਕਿਸ ਮਿੱਟੀ ਦੇ ਬਣੇ ਹੋਏ ਹਨ। ਇਕ ਨਹੀਂ, ਸੈਂਕੜੇ ਵਾਕਿਆਤ ਗਵਾਹੀ ਵਜੋਂ ਇਤਿਹਾਸ ਵਿਚੋਂ ਪੇਸ਼ ਕੀਤੇ ਜਾ ਸਕਦੇ ਹਨ।

ਏਨੀ ਵੱਡੀ ਗਿਣਤੀ ਵਿਚ ਕਾਬੂ ਆਏ ਦੁਸ਼ਮਣ ਨੂੰ ਕਤਲ ਕਰ ਦੇਣਾ ਅਫ਼ਗਾਨੀ ਤਾਕਤ, ਜਿਹੜੀ ਪੰਜਾਬ ਨੂੰ ਇਕ ਬੁਰਕ ਵਿਚ ਹੀ ਹੜੱਪਣਾ ਚਾਹੁੰਦੀ ਸੀ, ਉੱਤੇ ਬੜੀ ਕਾਰੀ ਤੇ ਹੱਕੋ ਹੱਕ ਸੱਟ ਹੋਣੀ ਸੀ, ਜਿਸ ਦਾ ਸਿੱਟਾ ਖਾਲਸਾ ਜੀ ਦੀ ਤਾਕਤ ਨੂੰ ਇਕ ਤਰ੍ਹਾਂ ਦਾ ਬੜ੍ਹਾਵਾ ਹੁੰਦਾ। ਇੰਜ ਕਰਨਾ ਹੈ ਵੀ ਦਰੁਸਤ ਸੀ। ਇਹੋ ਜਿਹੇ ਜ਼ਾਲਮ, ਮਕਾਰ, ਬੇਰਹਿਮ ਤੇ ਬੁੱਚੜ ਕਿਸਮ ਦੇ ਦੁਸ਼ਮਣ ਨਾਲ ਬੜਾ ਹੀ ਯੋਗ ਸਲੂਕ ਸੀ, ਪਰ ਇਹ ਗੱਲ ਉਸ ਖ਼ਾਲਸਈ ਜੋਹਰ ਦੇ ਖ਼ਿਲਾਫ਼ ਸੀ ਜਿਹੜਾ ਦਸ ਪਾਤਸ਼ਾਹੀਆਂ ਨੇ ਗੁਰਬਾਣੀ ਰਾਹੀਂ, ਆਪਣੇ ਅਮਲੀ ਜੀਵਨ ਰਾਹੀਂ ਸਿਖਾਂ ਦੀ ਆਤਮਾ ਵਿਚ ਸਮੋ ਦਿਤਾ ਸੀ, ਤੇ ਕੇਸਗੜ੍ਹ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਖ਼ਾਲਸਾ ਜੀ ਦੀ ਰੂਹ ਨੂੰ ਇਹਨਾਂ ਜੋਹਰਾਂ ਵਿਚ ਪਰਪੱਕ ਕਰ ਦਿੱਤਾ ਸੀ, ਤੇ ਖਾਲਸਾ ਜੀ ਦੀ ਕਰਨੀ ਤੇ ਕਥਨੀ ਵਿਚ ਉੱਕਾ ਹੀ ਫ਼ਰਕ ਨਹੀਂ ਸੀ ਰਹਿਣ ਦਿਤਾ।

ਇਹ ਖਾਲਸਾ ਤਾਂ ਓਸੇ ਮਰਦ ਅਗੰਮੜੇ ਤੇ ਨਾਸਰੋ-ਮਨਸੂਰ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਹੋਇਆ ਸੀ ਨਾ, ਜਿਨ੍ਹਾਂ ਦੇ ਪਿਆਰੇ ਪਿਤਾ ਜੀ ਨੂੰ ਤੇ ਉਹਨਾਂ ਦੇ ਸਾਥੀਆਂ ਨੂੰ ਜਿਸ ਵਹਿਸ਼ਿਆਨਾ ਤਰੀਕੇ ਨਾਲ ਔਰੰਗਜ਼ੇਬ ਨੇ ਸ਼ਹੀਦ ਕਰਵਾਇਆ ਸੀ. ਦੁਨੀਆ ਵਿਚ ਮਿਸਾਲ ਨਹੀਂ ਮਿਲਦੀ, ਤੇ ਉਹਨਾਂ ਦੇ ਪਿਆਰੇ ਸਿੰਘਾਂ, ਪਿਆਰੇ ਜਿਗਰ ਦਿਆਂ ਟੋਟਿਆਂ, ਪਿਆਰੇ ਮਾਤਾ ਜੀ ਨੂੰ ਸ਼ਹੀਦ ਕੀਤਾ ਸੀ, ਅਨੰਦਪੁਰ ਛੁਡਾਇਆ ਸੀ ਤੇ ਅੰਤ ਤਕ ਉਹਨਾਂ ਦੇ ਖ਼ੂਨ ਦਾ ਤਿਹਾਇਆ ਰਿਹਾ ਸੀ, ਜਦ ਉਸ ਸਰਬੰਸ-ਦਾਨੀ ਕਲਗੀਧਰ ਪਾਤਸ਼ਾਹ ਦੀ ਸ਼ਰਨ ਵਿਚ,ਔਰੰਗਜ਼ੇਬ ਦੀ ਮੌਤ ਪਿਛੋਂ ਉਸਦਾ ਪੁੱਤਰ ਮੁਅੱਜ਼ਮ (ਜੋ ਬਾਅਦ ਵਿਚ ਬਹਾਦਰ ਸ਼ਾਹ ਬਣਿਆ) ਆ ਕੇ ਇਨਸਾਫ਼ ਦਾ ਰਾਜ ਕਾਇਮ ਕਰਨ ਲਈ ਸਹਾਇਤਾ ਮੰਗਦਾ ਹੈ ਤੇ ਵਚਨ ਦਿੰਦਾ ਹੈ ਕਿ ਰਾਜ ਧਰਮ ਤੇ ਨਿਆਂ ਦੇ ਆਧਾਰ ਤੇ ਚਲੇਗਾ, ਜ਼ੁਲਮ ਤੇ ਉਪੱਦਰ ਨੂੰ ਖ਼ਤਮ ਕਰੇਗਾ, ਤਾਂ ਮਨੁੱਖਤਾ ਨੂੰ ਸੁਖੀ ਵਸਦੀ ਵੇਖਣ ਦੇ ਚਾਹਵਾਨ ਸਤਿਗੁਰੂ ਜੀ ਉਸ ਨੂੰ ਵੀ ਗਲ ਨਾਲ ਲਾ ਲੈਂਦੇ ਹਨ ਤੇ ਸਿੰਘਾਂ ਦੀ ਜ਼ਬਰਦਸਤ ਫ਼ੌਜੀ ਸਹਾਇਤਾ ਦੇ ਕੇ ਉਸ ਹਾਰੇ ਹੋਏ ਨੂੰ ਜਿਤਾ ਕੇ ਦਿਲੀ ਦੇ ਤਖ਼ਤ ਦਾ ਮਾਲਕ ਬਣਾ ਦੇਂਦੇ ਹਨ। ਧੰਨ ਹੋ ਕਲਗੀਧਰ ਪਾਤਸ਼ਾਹ ਤੇ ਧੰਨ ਹੈ ਤੁਹਾਡਾ ਖ਼ਾਲਸਾ ! ਪਾਠਕ ਜੀ, ਜ਼ਰਾ ਵਿਚਾਰ ਕਰੋ ਕਿ ਇਹੋ ਜਿਹੇ ਮਹਾਨ ਪੈਗੰਬਰ ਦਾ ਦਿਤਾ ਹੋਇਆ ਸਬਕ ਖਾਲਸਾ ਜੀ ਭੁਲ ਕਿਵੇਂ ਜਾਵੇ। ਇਹੋ ਤਾਂ ਖਾਲਸਾ ਜੀ ਦੀ ਸੰਸਾਰ ਵਿਚ ਵਿਲੱਖਣਤਾ ਹੈ।

ਜਿਸ ਮੌਤੋਂ ਅਬਦਾਲੀ ਤਰੇਂਹਦਾ ਫਿਰਦਾ ਹੈ, ਉਹ ਮੌਤ ਸਿੰਘਾਂ ਲਈ ਇਕ ਖੇਲ੍ਹ ਹੈ, ਮਨ-ਪਰਚਾਵਾ ਹੈ। ਮਨ ਵਿਚ ਇਹ ਡਰ ਹੀ ਨਹੀਂ ਕਿ ਇਹੋ ਅੱਜ ਦੇ ਛੱਡੇ ਗਏ ਕੈਦੀ ਕਲ੍ਹ ਨੂੰ ਸਾਡੇ ਤੇ ਫਿਰ ਚੜ੍ਹ ਕੇ ਆਉਣਗੇ। ਇਹੋ ਸਾਡੇ ਲਈ ਤਬਾਹੀ ਦਾ ਕਾਰਨ ਹੋ ਸਕਦੇ ਹਨ। ਪਰ ਅਕਾਲ ਪੁਰਖ ਦੀ ਆਗਿਆ ਨਾਲ ਸਾਜੇ ਗਏ ਖਾਲਸਾ ਜੀ ਨੂੰ ਤਬਾਹ ਕਰਨ ਵਾਲੀ

---

[ਸਫ਼ਾ ੨੯ ਦੇ ਪਹਿਲੇ ਕਾਲਮ ਦੇ ਫ਼ੁਟਨੋਟ ਦੀ ਬਾਕੀ]

ਤਾਰੀਖ਼ਿ ਆਲਮਗੀਰ ਸਾਨੀ, ੧੦੬-ੳ-, ਤਜ਼ਕਰਾ-ਇ-ਇਮਾਦ ੨੪੦; ਅਲੀ ਇਬਰਾਹੀਮ—ਤਾਰੀਖ਼ਿ ਭਾਊ ਵ ਜ਼ਾਂਕੋ ੧੬।

ਡਾ. ਗੰਡਾ ਸਿੰਘ—ਅਹਿਮਦਸ਼ਾਹ ਦੁਰਾਨੀ ੧੭੭-੧੭੯– ਮਥਰਾ, ਗੋਕਲ, ਬ੍ਰਿੰਦਾਬਨ ਦੀ ਮੁਕੰਮਲ ਤਬਾਹੀ ਕੀਤੀ ਗਈ। ਮਥਰਾ ਦੀ ਕਤਲਾਮ ੧ ਮਾਰਚ ੧੭੫੭ ਜਮਾਦੀ ਉਸਸਾਨ ੯ ਨੂੰ ਹੋਈ, ਜਦ ਕਿ ਹੋਲੀਆਂ ਦੋ ਦਿਨ ਪਹਿਲਾਂ ਖ਼ਤਮ ਹੋ ਚੁਕੀਆਂ ਸਨ। ਬਹੁਤ ਸਾਰੇ ਲੋਕ ਬਾਹਰੋਂ ਆਏ ਹੋਏ ਸਨ। ਨਵੇਂ ਸਿਰਿਓਂ ਖ਼ੂਨ ਦੀ ਹੋਲੀ ਖੇਡੀ ਗਈ। ਸਾਰਾ ਸ਼ਹਿਰ ਸਾੜ ਕੇ ਸੁਆਹ ਕਰ ਦਿਤਾ।

ਗ਼ੁਲਾਮ ਹੁਸੈਨ ਸਾਮੀਨ ਆਪਣੇ ਤਜ਼ਕਰੇ ਵਿਚ ਲਿਖਦਾ ਹੈ ਕਿ ਉਸਨੇ ਬ੍ਰਿੰਦਾਬਨ ਵਿਚ ਇਕੋ ਥਾਂ ੨੦੦ ਬੱਚਿਆਂ ਦੇ ਸਿਰ ਵੱਢੇ ਹੋਏ ਵੇਖੇ।

ਏਸੇ ਸਬੰਧ ਵਿਚ ਵੇਖੋ ਇਰਵਨ ਦਾ ਤਰਜਮਾ 'ਇੰਡੀਅਨ ਐਂਟੀਕੁਏਰੀਜ਼' ਜਿਲਦ ੩੪, ਸਫ਼ਾ ੬੨; ਕਾਨੂੰਗੋ-ਹਿਸਟਰੀ ਆਫ ਜਾਟਸ ਸਫਾ ੧੦੪-੧੦੫; ਸਰਕਾਰ—ਫ਼ਾਲ ਆਫ਼ ਦੀ ਮੁਗ਼ਲ ਐਂਮਪਾਇਰ, ii-੧੨੦-੨੧।

www.AKJ.Org

ਕੋਈ ਮਨੁਖੀ ਤਾਕਤ ਅੱਜ ਤੱਕ ਨਾ ਜੰਮੀ ਹੈ ਤੇ ਨਾ ਹੀ ਜੰਮੇਗੀ। ਇਸ ਦੀ ਬੜੀ ਕਰੜੀ ਬੁਨਿਆਦ ਰਖੀ ਗਈ ਹੈ ਤੇ ਇਸ ਨੂੰ ਜ਼ਿੰਦਗੀ ਦੀ ਬੜੀ ਭਾਰੀ ਮਿਆਦ ਤੇ ਮੁਹਲਤ ਦਿਤੀ ਹੋਈ ਹੈ, ਜਿਸ ਤਰ੍ਹਾਂ ਕਿ ਦਸਮੇਸ਼ ਪਿਤਾ ਨੇ ਫ਼ੁਰਮਾਇਆ ਹੈ ਕਿ—

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨਾ ਕਰੌਂ ਇਨ ਕੀ ਪ੍ਰਤੀਤ॥

ਜਿਸ ਮਹਾਨ ਤੇ ਅਮਰ ਖਾਲਸਾ ਜੀ ਨੂੰ ਤੇਜਸ੍ਵੀ ਦਸਮੇਸ਼ ਪਿਤਾ ਜੀ ਦੇ ਥਾਪੜੇ ਮਿਲੇ ਹੋਣ, ਉਸ ਨੂੰ ਇਹ ਨਿਮਾਣੇ ਮੁਗ਼ਲ, ਦੜੇ ਦੁਰਾਨੀ ਤੇ ਅੜੇ ਅਬਦਾਲੀ ਕੀ ਕਰ ਸਕਦੇ ਹਨ।

ਸ: ਚੜ੍ਹਤ ਸਿੰਘ ਤੇ ਉਸ ਦੇ ਹੋਰ ਸਰਦਾਰਾਂ ਮੂਹਰੇ ਫੌਜ ਨੇ ਵਾਰੀ ਵਾਰੀ ਹਥਿਆਰ ਰੱਖ ਦਿਤੇ। ਘੋੜੇ ਤੇ ਹੋਰ ਸਾਜ਼ੋ ਸਾਮਾਨ ਵੀ ਹਵਾਲੇ ਕਰ ਦਿਤਾ। ਅਜੀਬ ਨਜ਼ਾਰਾ ਸੀ। ਇਹ ਕਾਲੀਆਂ ਤੇ ਗੂੜ੍ਹੇ ਆਸਮਾਨੀ ਰੰਗ ਦੀਆਂ ਅਫ਼ਗਾਨੀ ਕਿਸਮ ਦੀਆਂ ਪਗੜੀਆਂ ਫੌਜੀਆਂ ਨੇ ਗੱਲਾਂ ਵਿਚ ਪਾਈਆਂ ਹੋਈਆਂ ਸਨ ਤੇ ਹੱਥ ਬੰਨ੍ਹੀਂ ਸ: ਚੜ੍ਹਤ ਸਿੰਘ ਦੇ ਅਗਲੇ ਹੁਕਮ ਦੀ ਉਡੀਕ ਵਿਚ ਖੜੇ ਸਨ। ਕਲ੍ਹ ਦੇ ਸ਼ਿਕਾਰੀ ਤੇ ਢਕਾਂ ਬੰਨ੍ਹ ਬੰਨ੍ਹ ਲਿਜਾਣ ਵਾਲੇ ਸੂਰਮੇ, ਮਾਸੂਮਾਂ ਦੀ ਮੌਤ ਦਾ ਫ਼ਰਿਸ਼ਤਾ ਬਣਨ ਵਾਲੇ, ਆਪਣੀ ਮੌਤ ਸਾਮ੍ਹਣੇ ਵੇਖ ਕੇ ਥਰ ਥਰ ਕੰਬਣ ਡਹੇ ਸਨ। ਸਰਦਾਰਾਂ ਵਾਲੇ ਪਾਸੇ ਪੈਦਲ ਬਰਛੇ ਚੁਕੀ ਸਿੰਘ ਖੜ ਸਨ ਤੇ ਬਾਕੀ ਦੇ ਤਿੰਨ ਹਿਸਿਆਂ ਨੂੰ ਪੈਦਲ ਤੇ ਘੋੜ-ਸਵਾਰ ਨੇਜ਼ਾਬਰਦਾਰਾਂ ਨੇ ਘੇਰਿਆ ਹੋਇਆ ਸੀ। ਮੌਤ ਤੇ ਜ਼ਿੰਦਗੀ ਦੀਆਂ ਹੱਦਾਂ ਵਿਚ ਇਕ ਵਾਲ ਨਾਲੋਂ ਵੀ ਥੋੜਾ ਫ਼ਰਕ ਸੀ, ਸਿਰਫ਼ ਇਕ ਹੁਕਮ ਦੀ ਹੀ ਦੇਰ ਸੀ। ਇਸ ਹਾਰੀ ਹੋਈ ਫੌਜ ਚੋਂ ਪ ਮੁਖੀ ਅਫਸਰ ਉਵੇਂ ਹੀ ਗਲਾਂ ਵਿਚ ਪੱਗਾਂ ਪਾਈ ਉਠੇ ਤੇ ਨੀਵੀਂ ਅੱਖੀਂ, ਹੱਥ ਬੰਨ੍ਹੀਂ, ਗੋਡਿਆਂ ਪਰਨੇ ਹੋ ਕੇ ਫ਼ਰਸ਼ੀ ਸਲਾਮ ਕੀਤਾ ਤੇ ਦਾੜ੍ਹੀਆਂ ਫੜ ਕੇ ਉਡਾਂਹ ਕੀਤੀਆਂ, ਅੰਮ੍ਰਿਤਸਰ ਸਾਹਿਬ ਵੱਲ ਹੱਥ ਕਰ ਕੇ ਕੰਨਾਂ ਨੂੰ ਲਾਇਆ ਤੇ ਗੁਰੂ ਦੇ ਨਾਂ ਤੇ ਜਾਨ ਬਖ਼ਸ਼ੀ ਲਈ ਹਾੜ੍ਹਾ ਕਢਿਆ! ਧੰਨ ਹੋ ਖ਼ਾਲਸਾ ਜੀ, ਕੌਣ ਤੁਹਾਡੀ ਦਇਆ ਤੇ ਮਿਹਰ ਦੀ ਮਿਣਤੀ ਮਿਣ ਸਕਦੈ? ਸਿੰਘਾਂ ਦੀਆਂ ਨਜ਼ਰਾਂ ਮਿਲੀਆਂ, ਤੁਰੰਤ ਰਿਹਾਈ ਦਾ ਹੁਕਮ ਦੇ ਦਿਤਾ। ਇਹ ਬੇਮਿਸ਼ਾਲ ਫੈਸਲਾ ਸੁਣ ਕੇ ਕੈਦੀਆਂ ਨੇ ਬੜੀ ਦੇਰ ਤੱਕ ਲੰਮਾ ਸਜਦਾ ਕੀਤਾ। ਦਿਲੋਂ ਉਹ ਵੀ ਪੁਕਾਰ ਉਠੇ, "ਮਰਹਬਾ! ਖਾਲਸਾ ਜੀ ਮਰਹਬਾ।"

ਸਿੰਘਾਂ ਨੇ ਅਫ਼ਗਾਨ ਬੱਚਿਆਂ ਨੂੰ ਪੰਜਾਬ ਦੇ ਅੰਨ ਪਾਣੀ ਨਾਲ ਰਜਾ ਕੇ ਕੰਧਾਰ ਵਲ ਤੋਰ ਦਿਤਾ। ਨਾਲ ਹੀ ਸਖ਼ਤ ਹੁਕਮ ਦੇ ਦਿਤਾ ਕਿ ਸਰ ਜ਼ਮੀਨ ਪੰਜਾਬ ਨੂੰ ਪਾਰ ਕਰਦਿਆਂ ਹੋਰ ਤਾਂ ਕਿਧਰੇ ਰਿਹਾ, ਰਾਹ ਦੀ ਮਿੱਟੀ ਨੂੰ ਵੀ ਨਹੀਂ ਦੁਖਾਉਣਾ। ਖਾਲਸਾ ਜੀ ਦੀ ਨਿਗਾਹ ਬਹੁਤ ਤੇਜ਼ ਤੇ ਬਾਹੀਂ ਬਹੁਤ ਲੰਮੀਆਂ ਹਨ, ਸ਼ਰਾਰਤ ਸੋਚਣ ਤੇ ਕਰਨ ਵਾਲਾ ਸਿਰ ਉਸੇ ਥਾਂ ਤੇ ਹੀ ਫੇਹ ਦਿੱਤਾ ਜਾਵੇਗਾ। ਖ਼ਬਰਦਾਰ!

ਕਦੀ ਏਸ ਰਾਹੇ ਚੁਪ ਚਪੀਤਾ ਤੇ ਤ੍ਰੈਹਿੰਦਾ ਤ੍ਰੈਹਿੰਦਾ ਭੇਡਾਂ ਦਾ ਇਜੜ ਵੀ ਨਹੀਂ ਲੰਘਿਆ ਹੋਣਾ। ਵੇਖਣ ਵਾਲਿਆਂ ਨੂੰ ਯਕੀਨ ਤੱਕ ਨਹੀਂ ਸੀ ਆ ਰਿਹਾ। ਪਰ ਜਾਣ ਵਾਲਿਆਂ ਪਿਛਾਂਹ ਭੌਂ ਕੇ ਵੀ ਨਹੀਂ ਵੇਖਿਆ, ਉਚੀ ਸਾਹ ਨਹੀਂ ਕਢਿਆ, ਬਾਰ੍ਹਵੇਂ ਦਿਨ ਅਟਕ ਲੰਘ ਗਏ। ਜੇ ਇਹਨਾਂ ਨੇ ਜੇਤੂਆਂ ਦੀ ਸ਼ਕਲ ਵਿਚ ਏਨਾ ਹੀ ਫ਼ਾਸਲਾ ਏਸੇ ਰਾਹ ਕਰਨਾ ਹੁੰਦਾ ਤਾਂ ਸ਼ਾਇਦ ਤਿਗਣਾ ਸਮਾਂ ਲਾਉਂਦੇ ਤੇ ਸਾਰਾ ਰਾਹ ਵਾਲਾ ਇਲਾਕਾ ਹਾਹਾਕਾਰ ਕਰ ਉਠਦਾ।

ਸ: ਚੜ੍ਹਤ ਸਿੰਘ ਸਾਰਾ ਸਾਜ਼ੋ ਸਾਮਾਨ ਤੇ ਮਾਲ-ਮਤਾ ਸਮੇਟ ਕੇ ਬੜੀ ਸ਼ਾਨ ਨਾਲ ਵਾਪਸ ਗੁਜਰਾਂ-ਵਾਲੇ ਆ ਗਿਆ[5]। ਇਸ ਕਾਰਨਾਮੇ ਨੇ ਅਹਿਮਦਸ਼ਾਹ ਦਾ ਨੱਕ ਪੂਰੀ ਤਰ੍ਹਾਂ ਵਢ ਦਿਤਾ ਤੇ ਖ਼ਾਲਸਾ ਜੀ ਦੀ ਬਹਾਦਰੀ ਤੇ ਮਰਦਾਨਗੀ ਦੇ ਡੰਕੇ ਵੱਜ ਗਏ। ਸ: ਚੜ੍ਹਤ ਸਿੰਘ ਦਾ ਦਬਦਬਾ ਤੇ ਰੁਅਬ ਸਾਰੇ ਪੰਜਾਬ

---

[5]ਪੰਥ ਪ੍ਰਕਾਸ਼ ੭੬੨; ਮਖ਼ਜ਼ਨਿ-ਪੰਜਾਬ ੪੧੭; ਕਨ੍ਹਈਆ ਲਾਲ ਤਾਰੀਖਿ-ਪੰਜਾਬ, ੮੪; ਉਮਦਾ-ਤੁ-ਤਵਾਰੀਖ ii, ੬੦੭।


www.AKJ.Org

ਤੇ ਛਾ ਗਿਆ। ਲਾਹੌਰ ਤੇ ਚਹਾਰ ਮਹਿਲ ਦੇ ਹਾਕਮ, ਸਮੇਤ ਜਲੰਧਰੀਆਂ ਦੇ, ਆਲ੍ਹਣੇ ਵਿਚ ਸਹਿਮੇ ਹੋਏ ਬੋਟ ਵਾਂਗ ਛਹਿ ਗਏ।

**ਖ਼ਵਾਜਾ ਉਬੇਦਖ਼ਾਨ, ਗਵਰਨਰ ਲਾਹੌਰ ਦੀ ਖ਼ਾਲਸਾ ਜੀ ਦੇ ਹਥੋਂ ਲੱਕ-ਤੋੜਵੀਂ ਹਾਰ—**

ਖ਼ਵਾਜਾ ਉਬੇਦਉਲਾ ਖ਼ਾਨ ਨੂੰ ਅਹਿਮਦ ਸ਼ਾਹ ਅੱਬਦਾਲੀ ਨੇ ਬੜਾ ਕਰੜਾ ਆਦਮੀ ਜਾਣ ਕੇ ਲਾਹੌਰ ਦਾ ਗਵਰਨਰ ਥਾਪਿਆ ਸੀ ਤੇ ਉਸ ਨੂੰ ਹੁਕਮ ਇਹ ਸੀ ਕਿ ਸਿਖਾਂ ਨੂੰ ਸਿਰ ਨਾ ਚੁਕਣ ਦੇਵੇ। ਸਿਖਾਂ ਨੂੰ ਆਪੋ ਵਿਚ ਪਾੜ ਕੇ ਰਖਣ ਦਾ ਵੀ ਸ਼ਾਹ ਨੇ ਗੁਰ ਦੱਸਿਆ ਸੀ। ਇਹਨੇ ਜਦ ਦੁਰਾਨੀ ਜਰਨੈਲ ਨੂਰਉੱਦੀਨ ਦੀ ਦੁਰਦਸ਼ਾ ਦੀ ਕਹਾਣੀ ਸੁਣੀ ਤਾਂ ਇਕ ਬੜਾ ਭਾਰੀ ਤੇ ਜ਼ੋਰਾਵਰ ਲਸ਼ਕਰ ਲੈ ਕੇ ਸਿੰਘਾਂ ਦੀ ਸੁਧਾਈ ਕਰਨ ਲਈ ਬੜੇ ਧੂਮ-ਧੜੱਕੇ ਨਾਲ ਚੜ੍ਹਿਆ। ਆਪਣੀ ਜਿਤ ਦਾ ਇਸਨੂੰ ਏਨਾ ਯਕੀਨ ਸੀ ਕਿ ਏਸ ਨੇ ਜਿਤ ਪਿੱਛੋਂ ਮਨਾਏ ਜਾਣ ਵਾਲੇ ਜਸ਼ਨ ਦਾ ਵੀ ਬੜਾ ਭਾਰੀ ਸਾਜ਼ੋ ਸਾਮਾਨ ਨਾਲ ਲੈ ਲਿਆ ਹੋਇਆ ਸੀ। ਲਾਹੌਰ ਵਾਲਿਆਂ ਨੂੰ ਸਖ਼ਤ ਤਾਕੀਦ ਕਰ ਦਿਤੀ ਗਈ ਸੀ ਕਿ ਜਦ ਖ਼ਵਾਜਾ ਸਾਹਿਬ ਦਾ ਲਸ਼ਕਰ ਸਿੰਘਾਂ ਨੂੰ ਖ਼ਤਮ ਕਰ ਕੇ ਆਵੇ ਤਾਂ ਸਾਰੇ ਸ਼ਹਿਰ ਵਿਚ ਚਰਾਗਾਂ (ਦੀਵੇ ਜਗਾਣੇ) ਕੀਤਾ ਜਾਵੇ। ਇਹਦੇ ਲਸ਼ਕਰ ਵਿਚ ਇਕ ਸਿੰਘ ਦੀ ਵੀ ਇਕ ਤਕੜੀ ਪਲਟਨ ਸੀ, ਜਿਸਨੂੰ ਇਹ ਸਿੰਘਾਂ ਦੇ ਗਲ ਪੁਆ ਕੇ, ਸਿੰਘਾਂ ਦੀ ਸਿੰਘਾਂ ਹਥੋਂ ਹੀ ਤਬਾਹੀ ਦਾ ਤਮਾਸ਼ਾ ਵੇਖਣਾ ਚਾਹੁੰਦਾ ਸੀ। ਸਾਰੇ ਲਸ਼ਕਰ ਨੂੰ ਸਿੰਘਾਂ ਦੀ ਮੌਜੂਦਗੀ ਬੜਾ ਹੌਸਲਾ ਦੇ ਰਹੀ ਸੀ। ਦਿਲ ਵਿਚ ਸਾਰੇ ਇਹੋ ਲਈ ਬੈਠੇ ਸਨ ਕਿ ਗੁਜਰਾਂਵਾਲੇ ਇਕ ਅਣਡਿਠਾ ਨਜ਼ਾਰਾ ਵੇਖਣ ਆਵੇਗਾ।

ਖ਼ਵਾਜਾ ਸਾਹਿਬ ਦੇ ਲਸ਼ਕਰ ਨੇ ਕੁਝ ਦਿਨਾਂ ਲਈ ਐਮਨਾਬਾਦ ਆਰਾਮ ਕੀਤਾ ਤੇ ਫਿਰ ਇਕ ਪਹੁਫੁਟਾਲੇ ਨਾਲ ਤਕਬੀਰ ਦੇ ਨਾਅਰੇ ਲਾ ਕੇ ਗੁਜਰਾਂਵਾਲੇ ਤੇ ਆਣ ਹੱਲਾ ਕੀਤਾ। ਗੁਜਰਾਂਵਾਲਾ ਪੂਰੀ ਤਰ੍ਹਾਂ ਘਿਰ ਗਿਆ।

ਖ਼ਵਾਜਾ ਉਬੇਦ ਖ਼ਾਨ ਦੀ ਚੜ੍ਹਾਈ ਸੁਣ ਕੇ ਸ: ਚੜ੍ਹਤ ਸਿੰਘ ਦੀ ਸਹਾਇਤਾ ਲਈ ਅਨੇਕਾਂ ਸਿੰਘ ਸਰਦਾਰ ਆਣ ਪਹੁੰਚੇ। ਉਨ੍ਹਾਂ ਵਿਚੋਂ ਉਘੇ ਨਾਮ ਇਹ ਹਨ—ਸ: ਹਰੀ ਸਿੰਘ ਭੰਗੀ, ਸ: ਜੈ ਸਿੰਘ ਕਨ੍ਹਈਆ, ਸ: ਜੱਸਾ ਸਿੰਘ ਆਹਲੂਵਾਲੀਆ, ਸ: ਲਹਿਣਾ ਸਿੰਘ, ਸ: ਗੁਜਰ ਸਿੰਘ, ਸੋਭਾ ਸਿੰਘ ਆਦਿ। ਇਹਨਾਂ ਸੂਰਮਿਆਂ ਰਲ ਕੇ ਖ਼ਵਾਜਾ ਉਬੇਦ ਖ਼ਾਨ ਤੇ ਰਾਤ ਨੂੰ ਸ਼ਬਖ਼ੂਨ ਮਾਰਿਆ। ਜਿਹੜੇ ਸਿੰਘ ਖ਼ਵਾਜਾ ਸਾਹਿਬ ਦੀ ਫੌਜ ਵਿਚ ਸਨ, ਤੇ ਜਿਨ੍ਹਾਂ ਨੂੰ ਕੁਰਬਾਨੀ ਦੇ ਬਕਰੇ ਬਣਾ ਕੇ ਨਾਲ ਲਿਆਂਦਾ ਸੀ ਤੇ ਭਾਈਆਂ ਦੇ ਹਥੋਂ ਭਾਈਆਂ ਦਾ ਖ਼ੂਨ ਡੁਲ੍ਹਦਾ ਵੇਖਣ ਦੀ ਆਸ ਵਿਚ ਸੀ, ਖ਼ਾਲਸਾ ਜੀ ਨਾਲ ਰਲ ਗਏ। ਜਦ ਖ਼ਾਲਸਈ ਤੇਗ ਨੇ ਵਾਢ ਸ਼ੁਰੂ ਕੀਤੀ ਤੇ ਫੌਜ ਵਿਚ ਤਰਥਲੀ ਮਚ ਗਈ ਤਾਂ ਖ਼ਵਾਜਾ ਜੀ ਨੂੰ ੧੪ ਤਬਕ ਰੌਸ਼ਨ ਹੋ ਗਏ। ਖ਼ਵਾਜਾ ਜੀ ਇੰਜ ਦੁੰਮ ਦਬਾ ਕੇ ਭਜੇ ਕਿ ਲਾਹੌਰੋਂ ਉਰੇ ਪਿਛਾਂਹ ਭਉਂ ਕੇ ਵੀ ਨਾ ਵੇਖਿਆ, ਕਿਲ੍ਹਾ-ਬੰਦ ਹੋ ਕੇ ਹੀ ਦਮ ਲਿਆ। ਖ਼ਾਨ ਸਾਹਿਬ ਸਾਰਾ ਤੋਪਖ਼ਾਨਾ, ਸਮੇਤ ਤੋਪਾਂ ਖਿਚਣ ਵਾਲੇ ਹਾਥੀਆਂ ਦੇ, ਹਜ਼ਾਰਾਂ ਹੀ ਘੋੜੇ, ਬੇਅੰਤ ਅਸਲਾ, ਤੰਬੂ, ਕਨਾਤਾਂ ਸ਼ਾਮਿਆਨੇ, ਨਾਲ ਲਿਆਂਦਾ ਜਸ਼ਨ ਦਾ ਸਾਮਾਨ, ਸਾਰਾ ਜੰਗੀ ਸਾਮਾਨ, ਰਸਦ ਵਗੈਰਾ ਸਭ ਕੁਝ ਪਿਛੇ ਖ਼ਾਲਸਾ ਜੀ ਲਈ ਛਡ ਆਏ। ਮੁਕਦੀ ਗੱਲ, ਖ਼ਵਾਜਾ ਜੀ ਅਤੇ ਨਾਲ ਦੇ ਥੋੜੇ ਬਹੁਤੇ ਬਚੇ ਸਾਥੀ ਸਿਰਫ਼ ਜਾਨਾਂ ਹੀ ਲਿਜਾ ਸਕੇ। ਖਵਾਜਾ ਸਾਹਿਬ ਦਾ ਚਾਂਦੀ ਦਾ ਹੁੱਕਾ, ਸੁਨਹਿਰੀ ਤਸ਼ਤਰੀ ਜਿਸ ਵਿਚ ਅਜੇ ਵੀ ਰਾਤ ਦੇ ਪਾਨ ਲੱਗੇ ਪਏ ਸਨ, ਓਵੇਂ ਦੀਆਂ ਓਵੇਂ ਹੀ ਬਲਦੀਆਂ ਕੰਦੀਲਾਂ, ਗਵਰਨਰੀ ਲਿਬਾਸ, ਕਿਉਂਕਿ ਉਹ ਰਾਤ ਨੂੰ ਸੌਣ ਵਾਲਿਆਂ ਲੀੜਿਆਂ ਵਿਚ ਹੀ ਭਜਾ ਸੀ, ਵਿਛਿਆ ਬਿਸਤਰਾ ਤੇ ਬਾਹਰ ਖ਼ਾਬਗਾਹ ਦੇ ਲਾਗੇ ਸੱਜੀ-ਸਜਾਈ ਪਾਲਕੀ ਭਗੌੜੇ ਖਵਾਜੇ ਨੂੰ ਵੈਣ ਪਾ ਪਾ ਰੋ ਰਹੇ ਸਨ। ਏਥੇ ਵੀ ਹੱਥ ਆਏ ਜੰਗੀ ਕੈਦੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਕਾਰ ਸੇਵਾ ਲੈ ਕੇ ਛੱਡ ਦਿਤੇ ਗਏ ਸਨ।


www.AKJ.Org

ਏਨਾ ਸਾਰਾ ਜੰਗੀ ਸਾਮਾਨ ਸਿੰਘਾਂ ਦੇ ਹੱਥ ਵਿਚ ਆ ਜਾਣ ਕਾਰਨ ਉਹਨਾਂ ਦੀ ਫੌਜੀ ਤਾਕਤ ਵਿਚ ਬੜਾ ਵਾਧਾ ਹੋ ਗਿਆ। ਇਹ ਹੁਣ ਮੱਲਾਂ ਮਾਰਨ ਲਈ ਸਾਰੇ ਪੰਜਾਬ ਵਿਚ ਪਸਰ ਗਏ ਤੇ ਬਹੁਤ ਸਾਰੇ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ 6।

### ਸ: ਜੱਸਾ ਸਿੰਘ ਆਹਲੂਵਾਲੀਏ ਦਾ ਲਾਹੌਰ ਦਾ ਬਾਦਸ਼ਾਹ ਬਣਨਾ–

ਸਿੰਘਾਂ ਦੀ ਤਾਕਤ ਵਿਚ ਬਹੁਤ ਵਾਧਾ ਹੋ ਚੁਕਾ ਸੀ। ਬੜਾ ਭਾਰੀ ਲਸ਼ਕਰ ਸ: ਜੱਸਾ ਸਿੰਘ ਆਹਲੂ-ਵਾਲੀਏ ਦੀ ਕਮਾਨ ਹੇਠ ਖਾਲਸਈ ਝੰਡੇ ਥਲੇ ਇਕੱਠਾ ਹੋ ਚੁਕਾ ਸੀ। ਜਦ ਸਿੰਘ ਚੁਫੇਰਿਉਂ ਇਲਾਕੇ ਤੇ ਇਲਾਕਾ ਦਬਦੇ ਲਾਹੌਰ ਦੀਆਂ ਕੰਧਾਂ ਤਕ ਆਣ ਪੁਜੇ ਤਾਂ ਖ਼ਾਲਸਾ ਜੀ ਦੀ ਤਾਕਤ ਤੇ ਸਮੇਂ ਦੀ ਚਾਲ ਦਾ ਅਨੁਭਵ ਕਰਦਿਆਂ ਉਘੇ ਸ਼ਹਿਰੀਆਂ ਨੇ ਸ਼ਹਿਰ ਦੇ ਬੂਹੇ ਖੋਲ੍ਹ ਦਿਤੇ। ਖ਼ਵਾਜਾ ਕਿਲ੍ਹੇ ਵਿਚ ਘਿਰਿਆ ਸੀ ਤੇ ਅੰਦਰੋਂ ਕੁਸਕ ਤਕ ਨਹੀਂ ਸੀ ਰਿਹਾ। ਸ਼ਾਹੀ ਕਿਲ੍ਹੇ ਦੇ ਗੁਪਤ ਤਹਿਖ਼ਾਨਿਆਂ ਵਿਚ ਲੁਕਿਆ ਲੰਮੇ ਲੰਮੇ ਸਜਦੇ ਕਰ ਕਰ ਕੇ ਦੁਆਈਂ ਮੰਗ ਰਿਹਾ ਸੀ ਕਿ "ਯਾ ਅੱਲਾ ਪਾਕ! ਮੇਰੇ ਤੇ ਰਹਿਮ ਕਰ। ਮੈਨੂੰ ਇਸ ਆਫ਼ਤ ਦੇ ਤੂਫਾਨ ਤੋਂ ਬਚਾ! ਆਮੀਨ!......" ਬਾਹਰ ਸ਼ਹਿਰ ਵਿਚ ਸ: ਜਸਾ ਸਿੰਘ ਆਹਲੂਵਾਲੀਏ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਦਿਤਾ ਗਿਆ ਤੇ ਪੰਥ ਨੇ ਉਸਨੂੰ ਸੁਲਤਾਨਉਲ-ਕੌਮ ਦਾ ਖ਼ਿਤਾਬ ਬਖਸ਼ ਦਿਤਾ।

### ਖ਼ਾਲਸਾ ਜੀ ਦਾ ਜਲੰਧਰ ਦੁਆਬ ਨੂੰ ਸੋਧਣਾ–

ਹੁਣ ਖਾਲਸਾ ਜੀ ਨੇ ਇਕ ਹੋਰ ਵਿਉਂਤ ਡੋਲੀ। ਥੋੜੀ ਜਿਹੀ ਫੌਜ ਲਾਹੌਰ ਰਹਿਣ ਦਿਤੀ, ਜਿਹੜੀ ਖਵਾਜਾ ਉਬੇਦ ਖਾਨ ਨੂੰ ਡਰਾ ਕੇ ਕਿਲ੍ਹੇ ਵਿਚ ਵਾੜੀ ਰਖੇ ਤੇ ਬਾਹਰ ਨਾ ਨਿਕਲਣ ਦੇਵੇ, ਤੇ ਬਾਕੀ ਫੌਜ ਨਾਲ ਜਲੰਧਰ ਦੁਆਬ ਤੇ ਦੂਜਿਆਂ ਇਲਾਕਿਆਂ ਤੋਂ ਦੁਰਾਨੀ ਰਾਜ ਦੀ ਸਫ਼ ਵਲ੍ਹੇਟ ਦੇਵੇ। ਖਾਲਸਾ ਦਲ ਵਹੀਰ ਘੱਤ ਕੇ ਸਿੱਧਾ ਜਲੰਧਰ ਦੁਆਬ ਨੂੰ ਚੜ੍ਹਿਆ। ਅਹਿਮਦਸ਼ਾਹ ਨੇ, ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਏਥੋਂ ਦੇ ਬੰਦੋਬਸਤ ਦਾ ਵੱਡਾ ਹਾਕਿਮ ਘੁਮੰਡ ਚੰਦ ਕਟੋਚੀਆ ਨੂੰ ਬਣਾਇਆ ਸੀ ਤੇ ਉਸ ਬਲੇ ਦੁਰਾਨੀ ਫੌਜਦਾਰ ਸਆਦਤ ਖਾਨ ਤੇ ਸਦੀਕ ਖਾਨ ਅਫਰੀਦੀ ਨੂੰ ਥਾਪਿਆ ਸੀ। ਇਹ ਦੋਵੇਂ ਫੌਜਦਾਰ ਤਾਂ ਪਹਿਲੀ ਝੜਪ ਵਿਚ ਹੀ ਉਡ ਗਏ ਤੇ ਲਸ਼ਕਰ ਤਬਾਹ ਹੋ ਗਿਆ। ਜਿੰਨਾ ਕੁ ਬਚਿਆ, ਸਰੋਵਰਾਂ ਦੀ ਸਫਾਈ ਲਈ ਕਰਤਾਰਪੁਰ ਤੇ ਅੰਮ੍ਰਿਤਸਰ ਨੂੰ ਤੋਰ ਦਿਤਾ ਗਿਆ। ਰਾਜਾ ਘਮੰਡ ਚੰਦ ਕਟੋਚ ਚੁਪ ਚਾਪ ਦੁੰਮ ਦਬਾ ਕੇ ਕਾਂਗੜੇ ਵਲ ਨੂੰ ਨਸ ਗਿਆ ਤੇ ਪਹਾੜਾਂ ਵਿਚ ਛੁਪ ਕੇ ਜਾਨ ਬਚਾਈ। ਹੁਣ ਸਿੰਧ ਤੋਂ ਲੈ ਕੇ ਸਤਲੁਜ ਤਕ ਸਾਰਾ ਹੀ ਪੰਜਾਬ, ਕਿਤੇ ਕਿਤੇ ਗੱਦਾਰ ਟੁਕੜੀਆਂ ਛੱਡ ਕੇ ਜਿਹੜੀਆਂ ਅਜੇ ਅਬਦਾਲੀ ਨੂੰ ਸਿਰ ਦਾ ਸਾਈਂ ਮੰਨਦੀਆਂ ਸਨ, ਸਿੰਘਾਂ ਦੇ ਤਹਿਤ ਵਿਚ ਸੀ। ਪਿੰਡਾਂ ਤੇ ਸ਼ਹਿਰਾਂ ਵਿਚ ਪੂਰਨ ਤੌਰ ਤੇ ਖ਼ਾਲਸਾ ਜੀ ਦਾ ਦਬਦਬਾ ਛਾਇਆ ਹੋਇਆ ਸੀ। ਕੱਲ੍ਹ ਦੇ ਜਰਵਾਣੇ ਹੁਣ ਉਚੀ ਸਾਹ ਤਕ ਨਹੀਂ ਸਨ ਲੈਂਦੇ।

### ੧੭੬੧ ਦੀ ਦੀਵਾਲੀ ਤੇ ਸਰਬੱਤ ਖ਼ਾਲਸੇ ਦਾ ਗੁਰਮਤਾ–

ਇਸ ਸਾਲ ੨੭ ਅਕਤੂਬਰ ੧੭੬੧ ਨੂੰ ਦੀਵਾਲੀ ਸੀ। ਸਾਰੇ ਪੰਜਾਬ ਵਿਚ ਹੁਣ ਖਾਲਸਾ ਜੀ ਦਾ ਬੋਲ-ਬਾਲਾ ਸੀ ਤੇ ਜਰਵਾਣਿਆਂ ਦੀ ਸਫ ਵਲ੍ਹੇਟੀ ਹੋਈ ਸੀ। ਐਤਕੀਂ ਦੀਵਾਲੀ ਤੇ ਬੜਾ ਭਾਰੀ ਇਕੱਠ ਹੋਇਆ। ਸਰਬੱਤ ਖਾਲਸਾ ਜੀ ਦੇ ਇਕੱਠ ਵਿਚ ਇਹ ਗੁਰਮਤਾ ਕੀਤਾ ਗਿਆ ਕਿ ਪੰਜਾਬ ਵਿਚੋਂ ਅਹਿਮਦਸ਼ਾਹ ਅਬਦਾਲੀ ਦੇ ਇਮਦਾਦੀ ਤੇ

---

6ਗਿ: ਗਿਆਨ ਸਿੰਘ—ਪੰਥ ਪ੍ਰਕਾਸ਼-੭੬੨ ; ਕਨ੍ਹਈਆ ਲਾਲ-ਤਾਰੀਖ਼-ਪੰਜਾਬ ੮੪; ਤਹਿਮਾਸਨਾਮਾ ੧੦੮ ਬ-੧੦੯ ਬ ; ਉਮਦਾ-ਤੁ-ਤਵਾਰੀਖ਼ i ੧੫੪, ii ੭-੮; ਇਬਰਤਨਾਮਾ ਕ੍ਰਿਤ ਅਲੀ ਉੱਦੀਨ ੨੬੪, ੨੬੬; ਖੁਸ਼ਵਕਤ ਰਾਏ ੭੭-੮੦, ੧੮੮-੮੯ ; ਅਹਿਮਦਸ਼ਾਹ-ਤਾਰੀਖ਼ਿ ਹਿੰਦ-੩੪੦-੪੧ (੮੯੦-੯੧) ; ਬੂਟੇਸ਼ਾਹ ਤਾਰੀਖ਼ਿ ਪੰਜਾਬ-ਬ-੫ ; ਰਤਨ ਸਿੰਘ,—ਪ੍ਰਾਚੀਨ ਪੰਥ ਪ੍ਰਕਾਸ਼ ੪੬੬ ; ਡਾ: ਗੰਡਾ ਸਿੰਘ ੨੭੪ (ਅਹਿਮਦਸ਼ਾਹ ਦੁਰਾਨੀ)।



www.AKJ.Org

ਜੁੰਡੀਦਾਰਾਂ ਦਾ, ਜੋ ਹੱਲਿਆਂ ਵੇਲੇ ਉਸ ਦੀ ਸਹਾਇਤਾ ਕਰਦੇ ਰਹੇ ਹਨ ਤੇ ਅਜੇ ਵੀ ਉਸ ਨੂੰ ਹੀ ਆਪਣਾ ਮਾਲਕ ਮੰਨਦੇ ਹਨ, ਡੰਡਾ ਡੁੱਕ ਦਿਤਾ ਜਾਵੇ, ਕਿਉਂਕਿ ਖਾਲਸਾ ਜੀ ਸਮਝਦਾ ਸੀ ਕਿ ਬਾਕੀ ਮੁਲਕ ਨੂੰ ਵੀ ਉਸ ਲਗੜ ਦੇ ਪੰਜੇ ਚੋਂ ਕਢਣ ਲਈ ਇਹਨਾਂ ਗ਼ੱਦਾਰ ਟੋਲੀਆਂ ਦਾ ਭੋਗ ਪਾ ਦੇਣਾ ਬੜਾ ਜ਼ਰੂਰੀ ਹੈ।

ਖਾਲਸਾ ਜੀ ਦੀ ਜੰਡਿਆਲੇ ਤੇ ਚੜ੍ਹਾਈ :—

ਅਹਿਮਦਸ਼ਾਹ ਦਿਆਂ ਅਨੁਸਾਰੀਆਂ ਚੋਂ ਇਕ ਆਕਲ ਦਾਸ ਜੰਡਿਆਲੇ ਵਾਲਾ ਸੀ। ਇਹ ਨਿਰੰਜਨੀਆਂ ਦਾ ਗੁਰੂ, ਖਾਲਸਾ ਪੰਥ ਦਾ ਦੋਖੀ ਤੇ ਗੁਰੂ ਘਰ ਦਾ ਰੱਜ ਕੇ ਦ੍ਰੋਹੀ ਸੀ। ਕਿੱਸਾ ਉਹੋ ਹੀ ਕਿ "ਲੰਡਾ ਚਿੜਾ ਭਗਿਆੜਾਂ ਦਾ ਬੇਲੀ"। ਇਹ ਹਰ ਵਾਰ ਅਹਿਮਦ ਸ਼ਾਹ ਦੀ ਰਸਦ ਪਾਣੀ ਤੇ ਧਨ ਨਾਲ ਸਹਾਇਤਾ ਕਰਦਾ ਹੁੰਦਾ ਸੀ। ਖਾਲਸਾ ਜੀ ਬਾਰੇ ਮੁਖ਼ਬਰੀਆਂ ਤੇ ਇਹਨਾਂ ਤੇ ਅਤਿਆਚਾਰਾਂ ਲਈ ਇਹ ਜੰਡਿਆਲੀਏ ਸਰਹੰਦੀ ਸ਼ੇਖਾਂ ਨਾਲੋਂ ਕਿਸੇ ਪਾਸਿਓਂ ਵੀ ਘਟ ਨਹੀਂ ਰਹੇ। ਖਾਲਸਾ ਜੀ ਦੀ ਪਲ ਪਲ ਦੀ ਨਕਲੋ-ਹਰਕਤ ਦੀ ਡਾਇਰੀ ਇਹਨਾਂ ਵਲੋਂ ਅਹਿਮਦ ਸ਼ਾਹ ਨੂੰ ਸਮੇਂ ਸਮੇਂ ਸਿਰ ਪਹੁੰਚਦੀ ਰਹਿੰਦੀ ਸੀ। ਇਹਨਾਂ ਨੂੰ ਖਾਲਸਾ ਜੀ ਦੇ ਖਾਤਮੇ ਦੀ ਏਨੀ ਰੀਝ ਤੇ ਤੀਬਰ ਇੱਛਾ ਸੀ ਕਿ ਖਾਲਸਾ ਜੀ ਦੀ ਗਿਣਤੀ ਤੇ ਉਹਨਾਂ ਦੇ ਕੋਲ ਹਥਿਆਰਾਂ ਬਾਰੇ ਅਬਦਾਲੀ ਨੂੰ ਬਹੁਤ ਵਧਾ ਚੜ੍ਹਾ ਕੇ ਰੀਪੋਟਾਂ ਭੇਜਦੇ, ਤਾਂਕਿ ਅਫ਼ਗਾਨ ਰੋਹ ਵਿਚ ਆ ਕੇ ਭਾਰੇ ਲਸ਼ਕਰ ਲੈ ਕੇ ਚੜ੍ਹੇ ਤੇ ਖਾਲਸਾ ਜੀ ਦਾ ਖ਼ਾਤਮਾ ਕਰ ਦੇਵੇ। ਮਰਹੱਟਿਆਂ ਤੇ ਸਿਖਾਂ ਖ਼ਿਲਾਫ਼ ਇਸ ਨੇ ਲਖਾਂ ਰੁਪਏ ਦਿਤੇ ਸਨ। ਹਰ ਹੱਲੇ ਵੇਲੇ ਬੜਾ ਵਡਾ ਜ਼ਖ਼ੀਰਾ ਅਨਾਜ ਤੇ ਘਾਹ ਪੱਠੇ ਦਾ ਸਹਾਇਤਾ ਵਜੋਂ ਜਮ੍ਹਾਂ ਕਰ ਲੈਂਦਾ। ਖਾਲਸਾ ਪੰਥ ਨਾਲ ਇਸ ਨੂੰ ਡੂੰਘੀ ਖਾਰ ਸੀ।

ਜੰਡਿਆਲਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ੧੦ ਕੁ ਕੋਹ ਦਤ੍ਹਦੇ ਪਾਸੇ ਹੈ[7] ਤੇ ਸਭ ਤੋਂ ਲਾਗੇ ਹੈ। ਇਸ ਲਈ ਇਹ ਫ਼ੈਸਲਾ ਹੋਇਆ ਕਿ ਸਭ ਤੋਂ ਪਹਿਲਾਂ ਇਹਦੀ ਖੋਪਰੀ ਚੂਰ ਕੀਤੀ ਜਾਵੇ। ਇਸ ਤੋਂ ਪੂਰੀ ਤਰ੍ਹਾਂ ਈਨ ਮਨਾਉਣ ਦਾ ਫ਼ੈਸਲਾ ਕਰ ਕੇ ਸ: ਜੱਸਾ ਸਿੰਘ ਆਹਲੂਵਾਲੀਏ ਤੇ ਸ: ਜੱਸਾ ਸਿੰਘ ਰਾਮਗੜ੍ਹੀਏ ਨੂੰ ਖਾਲਸਾ ਜੀ ਨੇ ਭੇਜਿਆ। ਇਸ ਫ਼ੈਸਲੇ ਦੀ ਕਨਸੋਅ, ਇਹਨਾਂ ਤੋਂ ਪਹਿਲਾਂ ਹੀ ਜੰਡਿਆਲੇ ਅੱਪੜ ਗਈ ਸੀ ਤੇ ਆਕਲਦਾਸ ਹੁਰਾਂ ਦੇ ਧੁਰਧੁਰੇ ਛੁਟ ਗਏ। ਓਸੇ ਵੇਲੇ ਇਕ ਤੇਜ਼ ਰਫਤਾਰ ਊਠਣੀ-ਸਵਾਰ ਸਹਾਇਤਾ ਲਈ ਅਰਜ਼ੀ ਦੇ ਕੇ ਅਹਿਮਦ ਸ਼ਾਹ ਵਲ ਭਜਾ ਦਿਤਾ[8]। ਜੰਡਿਆਲੇ ਦਾ ਬੜਾ ਕਰੜਾ ਮੁਹਾਸਰਾ ਕੀਤਾ ਗਿਆ। ਆਕਲਦਾਸ ਨੇ ਜਿਥੇ ਹੋਰ ਕਈ ਅਣਖ-ਹੀਣ ਤੇ ਮਨੁਖਤਾ ਹੀਣ ਗੱਲਾਂ ਕੀਤੀਆਂ, ਓਥੇ ਇਹ ਵੀ ਕੀਤਾ ਕਿ ਕਿਲ੍ਹੇ ਦੀਆਂ ਕੰਧਾਂ ਤੋਂ ਗਊਆਂ ਤੇ ਬਲਦਾਂ ਦੇ ਮਾਸ ਦੇ ਬੜੇ ਟੁਕੜੇ, ਸਿਰ, ਖੁਰ, ਗੋਡੇ ਤੇ ਕਚੀਆਂ ਖਲਾਂ ਪੂਛਾਂ ਸਮੇਤ, ਬਾਹਰਲੇ ਪਾਸੇ ਲਮਕਾ ਦਿਤੀਆਂ[9]।

[ਬਾਕੀ ਫਿਰ

7ਇਬਰਤਨਾਮਾ ਲਿਖਤ ਅਲੀਉੱਦੀਨ ੨੬੬-੬੭; ਖੁਸ਼ਵਕਤ ਰਾਏ ਤਾਰੀਖ਼ਿ ਸਿਖਾਂ (ਉਰਦੂ ਟ੍ਰਾਂਸਲੇਸ਼ਨ) ੭੮.

8ਕਨ੍ਹਈਆ ਲਾਲ ਤਾਰੀਖਿ ਪੰਜਾਬ ੮੫; ਇਬਰਤ-ਨਾਮਾ ਅਲੀਉੱਦੀਨ—੨੬੬—੬੭; ਗਜ਼ਟੀਅਰ ਅੰਮ੍ਰਿਤਸਰ ਡਿਸਟ੍ਰਿਕਟ੧੬੫.

9ਕਨ੍ਹਈਆ ਲਾਲ—ਤਾਰੀਖ਼ਿ ਪੰਜਾਬ—੮੪-੮੫; ਇਬ੍ਰਰਤਨਾਮਾ —ਅਲੀਉੱਦੀਨ ੨੬੭—੬੮; ਹੁਸ਼ੈਨ ਸ਼ਾਹੀ, ੬੧; ਤਾਰੀਖ਼ਿ ਸੁਲਤਾਨੀ—੧੪੫; ਗਿਆਨ ਸਿੰਘ ਪੰਥ ਪ੍ਰਕਾਸ਼ ੮੧੨; ਖ਼ੁਸ਼ਵਕਤ ਰਾਏ—ਤਾਰੀਖ਼ਿ ਸਿਖਾਂ (ਉਹਦੂ ਟ੍ਰਾਂਸਲੇਸ਼ਨ) ੭੮; ਉਮਦਾ-ਤੁ-ਤਵਾਰੀਖ਼, I, ੧੫੬—੫੭

## ਯੂ. ਕੇ. ਨਿਵਾਸੀ ਪਾਠਕ ਜੀਉ

ਹਵਾਈ ਡਾਕ ਦੇ ਡਾਕ ਖਰਚਾਂ ਨੂੰ ਪੂਰਿਆਂ ਕਰਨ ਲਈ ਮਜਬੂਰੀ ਤੌਰ ਤੇ, ਜਨਵਰੀ 1978 ਤੋਂ 'ਸੂਰਾ' ਮਾਸਕ ਪੱਤਰ ਦਾ ਏਅਰ ਮੇਲ ਚੰਦਾ 50/- ਰੁਪਏ ਕਰਨਾ ਪਿਆ ਹੈ। ਇਸ ਲਈ ਅਗੋਂ ਸਾਰੇ AIR MAIL ਚੰਦੇ ਸਾਢੇ ਤਿੰਨ (੩—੫੦) ਪੌਂਡ ਦੇ ਹਿਸਾਬ ਨਾਲ ਪੋਸਟਲ ਆਰਡਰਾਂ ਰਾਹੀਂ ਭੇਜੇ ਜਾਣ।



www.AKJ.Org

# ਜਬ ਲਗ ਰਹੇ ਖ਼ਾਲਸਾ ਨਿਆਰਾ

[ਵਲੋਂ—ਸ: ਇਕਬਾਲ ਸਿੰਘ ਜੀ, ਅੰਮ੍ਰਿਤਸਰ]

"ਘੋਰ ਕਲਜੁਗ ਦਾ ਭਿਆਨਕ ਸਮਾਂ ਹੈ ਤੇ ਜ਼ਿੰਦਗੀ ਦੀ ਦੌੜ ਅੰਦਰ ਮਨੁੱਖ ਨੂੰ ਘਟ ਹੀ ਵਿਹਲ ਮਿਲਦੀ ਹੈ ਜੁ ਧਰਮ-ਕਰਮ ਬਾਰੇ ਕੋਈ ਸਮਾਂ ਕਢ ਸਕੇ।" ਇਹ ਇਕ ਆਮ ਖਿਆਲ ਪ੍ਰਚਲਤ ਹੋ ਗਿਆ ਹੈ ਤੇ ਇਹੋ ਕੁਝ ਲੋਕੀ ਕਹਿੰਦੇ ਆਮ ਸੁਣੇ ਜਾਂਦੇ ਹਨ।

ਜਿਥੋਂ ਤਕ ਸੰਸਾਰੀ ਆਦਮੀਆਂ ਦੀ ਗੱਲ ਹੈ, ਇਹ ਠੀਕ ਹੀ ਹੈ ਕਿ ਸਾਧਾਰਨ ਮਨੁੱਖ ਸਿਵਾਏ ਜੀਵਨ ਦੀਆਂ ਖਾਸ ਖਾਸ ਲੋੜਾਂ ਦੇ ਹੋਰ ਕੁਝ ਨਹੀਂ ਸੋਚ ਸਕਦਾ। ਪਰ ਅੰਮ੍ਰਿਤਧਾਰੀ ਸਿੰਘ, ਜੋ ਰਹਿਤ ਰਹਿਣੀ ਵਿਚ ਤਿਆਰ-ਬਰ-ਤਿਆਰ ਹਨ, ਉਹ ਸਾਧਾਰਨ ਮਨੁੱਖ ਨਹੀਂ ਸਗੋਂ ਇਕ ਐਸੇ ਕਾਮਲ ਪੁਰਖ ਦੇ ਸਿਖ ਹਨ ਜਿਸ ਨੇ ਖਾਲਸਾ ਸਾਜਣ ਦੇ ਮਿਸ਼ਨ ਦੀ ਪੂਰਤੀ ਲਈ ਦਸ ਸਾਮੇ ਧਾਰਨ ਕੀਤੇ ਅਤੇ ਸੈਂਕੜੇ ਵਰ੍ਹੇ ਇਸ ਮਿਸ਼ਨ ਦੀ ਪਾਲਣਾ ਕਰਦੇ ਹੋਏ ਅਨੇਕਾਂ ਘਾਲਾਂ ਘਾਲੀਆਂ ਅਤੇ ਇਸ ਖੰਡੇਧਾਰ ਮਾਰਗ ਨੂੰ ਗ੍ਰਹਿਣ ਕਰਨ ਲਈ ਦਸਾਂ ਜਾਮਿਆਂ ਵਿਚ ਆਪ ਸੱਚੀ ਸੁਚੀ ਜੀਵਨੀ ਜੀਊ ਕੇ ਸੇਧ ਬਖਸ਼ੀ, ਹਜ਼ਾਰਾਂ ਮੀਲਾਂ ਦੇ ਪੈਦਲ ਬਿਖੜੇ ਸਫ਼ਰ ਝਾਗੇ, ਬੇਮਿਸਾਲ ਸੇਵਾ ਕਮਾਈਆਂ ਕੀਤੀਆਂ, ਅਤੁਟ ਸਿਮਰਨ-ਤਪ ਸਾਧੇ। ਜਿਥੇ ਵੈਰਾਗ-ਤਿਆਗ ਦੀਆਂ ਹੱਦਾਂ ਮੁਕਾਈਆਂ ਉਥੇ ਅਦੁਤੀ ਕੁਰਬਾਨੀਆਂ ਦੀ ਲੀਹ ਤੋਰੀ, ਸਰਬੰਸ ਕੁਰਬਾਨ ਕੀਤੇ, ਅਤਿ ਦੇ ਜ਼ੁਲਮਾਂ ਦਾ ਸ਼ਾਂਤੀ ਤੇ ਬੀਰਤਾ ਨਾਲ ਟਾਕਰਾ ਕੀਤਾ। ਇੰਨੇ ਸਬਕ ਸਿਖਾ ਕੇ ਅਕਾਲ ਪੁਰਖ ਦੇ ਹੁਕਮ ਨਾਲ ਅਕਾਲੀ ਪੰਥ ਖ਼ਾਲਸਾ ਜੀ ਦੀ ਸਿਰਜਨਾ ਹੋਈ।

ਪ੍ਰਗਟਿਓ ਖਾਲਸਾ ਪਰਮਾਤਮ ਕੀ ਮਉਜ।

ਇਸ ਅਕਾਲੀ ਖ਼ਾਲਸਾ ਜੀ ਨੂੰ ਉਪਦੇਸ਼ ਦਿਤਾ—

ਜਬ ਲਗ ਰਹੇ ਖਾਲਸਾ ਨਿਆਰਾ॥
ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਭਾਵ ਇਹ ਕਿ ਖਾਲਸਾ ਜੀ ਨੂੰ ਸਾਰੇ ਸੰਸਾਰ ਤੋਂ ਨਿਆਰਾ ਰਹਿਣ ਦਾ ਉਪਦੇਸ਼ ਹੈ, ਤਦੋਂ ਹੀ ਸਤਿਗੁਰੂ ਦਾ ਬਖਸ਼ਿਆ ਹੋਇਆ ਤੇਜ-ਪਰਤਾਪ ਕਰਾਰਾ ਤੇ ਚੜ੍ਹਦੀ ਕਲਾ ਵਿਚ ਰਹਿ ਸਕਦਾ ਹੈ। ਨਹੀਂ ਤਾਂ ਇਸ ਉਪਦੇਸ਼ ਵਲੋਂ ਅਣਗਹਿਲੀ ਕੀਤਿਆਂ ਸਤਿਗੁਰੂ ਦੀ ਪ੍ਰਤੀਤ ਤੋਂ ਸਿਖ ਵਾਂਵਿਆ ਜਾਂਦਾ ਹੈ।

ਸੋ ਖਾਲਸਾ ਜੀ ਨੂੰ ਆਪਣੇ ਫ਼ਰਜ਼ ਦੀ ਪਛਾਣ ਅਤੇ ਆਪਣੇ ਕਰਤੱਬ ਤੇ ਚਲਣ ਦੀ ਆਣ ਹੋਣੀ ਲੋੜੀਦੀ ਹੈ। ਖਾਲਸਈ ਸ਼ਾਨ ਨੂੰ ਬਰਕਰਾਰ ਰਖਣਾ ਤੇ ਗੁਰ ਉਪਦੇਸ਼ ਦੀ ਪਾਲਣਾ ਕਰਦਿਆਂ ਸੰਸਾਰ ਤੋਂ ਨਿਆਰਾ ਵਿਚਰਨਾ ਹੈ, ਅਨ-ਮਤੀਆਂ ਮਨਮੁਖਾਂ ਨਾਲ ਮਿਲਗੋਭਾ ਨਹੀਂ ਵਰਤਣਾ। ਇਸੇ ਨਾਲ ਹੀ ਖਾਲਸਈ ਵਿਲੱਖਣਤਾ ਭਰਿਆ ਤੇਜ-ਪਰਤਾਪ ਕਾਇਮ ਰਹਿੰਦਾ ਹੈ।

ਚਾਰ ਸੌ ਸਾਲਾ ਅੰਮ੍ਰਿਤਸਰ ਸਥਾਪਨਾ ਦਿਵਸ ਸਮੇਂ ਅਮ੍ਰੀਕਨ ਸਿੰਘਾਂ ਤੇ ਬੀਬੀਆਂ ਦੇ ਦਰਸ਼ਨ ਹੋਏ। ਉਨ੍ਹਾਂ ਦਾ ਪਹਿਰਾਵਾ ਤੇ ਸਿਖੀ ਲਗਨ ਵੇਖ ਕੇ ਮਨ ਬਹੁਤ ਪ੍ਰਭਾਵਤ ਹੋਇਆ। ਮਾਇਆਵਾਦ ਤੇ ਐਸ਼-ਪ੍ਰਸਤੀ ਦੀ ਜ਼ਿੰਦਗੀ ਵਿਚ ਜੰਮੇ ਪਲੇ ਇਨ੍ਹਾਂ ਅਮਰੀਕਨ ਸਿੰਘਾਂ ਤੋਂ ਅਸਾਂ ਦੇਸ਼-ਵਾਸੀ ਪੁਸ਼ਤ-ਦਰ-ਪੁਸ਼ਤ ਸਿੱਖੀ ਦੇ ਦਾਅਵੇਦਾਰ ਕਹਾਉਣ ਵਾਲਿਆਂ ਨੂੰ ਸਬਕ ਸਿਖਣ ਦੀ ਲੋੜ ਹੈ ਕਿ ਉਨ੍ਹਾਂ ਕਿਵੇਂ ਸਭ ਤਰ੍ਹਾਂ ਦੀ ਐਸ਼-ਪ੍ਰਸਤੀ ਨੂੰ ਤਿਲਾਂਜਲੀ ਦੇ ਕੇ ਗੁਰਸਿਖੀ ਦਾ ਸਾਦਾ ਜੀਵਨ ਜੀਊਣ ਲਈ ਸਾਦਾ ਪੁਸ਼ਾਕ, ਸਾਦਾ ਅਹਾਰ ਤੇ ਸਵੱਛ ਵਿਚਾਰ ਅਤੇ ਗੁਰਸਿਖੀ ਹਾਸਲ ਕਰਨ ਲਈ ਪਰਪੱਕ ਲਗਨ ਗ੍ਰਹਿਣ ਕੀਤੀ ਹੈ। ਖਾਲਸਾ ਜੀ, ਸੰਭਲੋ, ਹੰਭਲਾ ਮਾਰੋ ਅਤੇ ਨਵੇਂ ਬਣ ਰਹੇ ਸਿੰਘਾਂ ਤੋਂ ਸੰਸਾਰ ਵਿਚ ਨਿਆਰੇ ਵਿਚਰਨ ਦੀ ਸਿਖਿਆ ਲਵੋ।



www.AKJ.Org

ਲਿਬਾਸ–

ਇਨ੍ਹਾਂ ਸਿੰਘਾਂ ਨੂੰ ਜਦ ਚਿੱਟੇ ਬਸਤਰਾਂ ਵਿਚ ਗੁਰੂ ਘਰ ਦੀ ਪ੍ਰਕਰਮਾ ਕਰਦੇ ਦੇਖੀਦਾ ਹੈ ਤਾਂ ਮਨ ਖਿੜ ਜਾਂਦਾ ਹੈ ਕਿ ਇਨ੍ਹਾਂ ਦੇ ਮਨ ਵਿਚ ਗੁਰੂ ਘਰ ਲਈ ਕਿਤਨਾ ਸਤਿਕਾਰ ਹੈ। ਹਾਲਾਂ ਕਿ ਪੈਸੇ ਦੀ ਇਨ੍ਹਾਂ ਪਾਸ ਕੋਈ ਕਮੀ ਨਹੀਂ ਪਰ ਫਿਰ ਭੀ ਲੋੜ ਤੋਂ ਵਧ ਸਰੀਰ ਨੂੰ ਸਜਾਉਂਦੇ ਨਹੀਂ। ਇਤਨੀ ਬੇਨਤੀ ਜ਼ਰੂਰੀ ਹੈ ਕਿ ਘਟ ਤੋਂ ਘਟ ਗੁਰੂ ਘਰ ਆਉਣ ਸਮੇਂ ਤਾਂ ਅਸੀਂ ਕਿਸੇ ਮਰਯਾਦਾ ਅੰਦਰ ਰਹੀਏ। ਜੇ ਇਤਨਾ ਭੀ ਨਹੀਂ ਕਰ ਸਕਦੇ ਤਾਂ ਡੀਂਗਾਂ ਮਾਰਨ ਦੀ ਕੀ ਲੋੜ ਹੈ ਕਿ, ਪਰਚਾਰ ਦੀ ਘਾਟ ਹੈ, ਕਮੇਟੀ ਕੁਝ ਨਹੀਂ ਕਰਦੀ, ਸਿਖੀ ਨੂੰ ਢਾਅ ਲੱਗੀ ਹੋਈ ਹੈ ਆਦਿ।

ਵੀਰੋ, ਪੈਂਟਾਂ ਤੇ ਰੰਗ-ਬਰੰਗੀਆਂ ਬੁਸ਼ਰਟਾਂ ਤੇ ਪਗਾਂ ਨੂੰ ਤਿਆਗੋ ਅਤੇ ਭੈਣੋ, ਬਿੰਦੀਆਂ, ਸੁਰਖੀਆਂ, ਪੌਡਰ, ਸੈਂਟ ਤੇ ਰੰਗ-ਬਰੰਗੀਆਂ ਸਾੜ੍ਹੀਆਂ ਨੂੰ ਤਿਆਗੋ। ਸਾਦਗੀ ਨੂੰ ਅਪਣਾਓ। ਇਸ ਤਰ੍ਹਾਂ ਹੀ ਗੁਰੂ ਘਰ ਅੰਦਰ ਰਹਿਣਾ ਸੋਭਦਾ ਹੈ।

ਖਾਣਾ ਪੀਣਾ–

ਇਨ੍ਹਾਂ ਅਮ੍ਰੀਕਨ ਸਿੰਘਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਦੁਪਹਿਰ ਦੇ ਸਮੇਂ ਲੰਗਰ ਛਕਦੇ ਵੇਖਿਆ ਤਾਂ ਇਹ ਵੇਖ ਕੇ ਖੁਸ਼ੀ ਹੋਈ ਕਿ ਇਹ ਸਰਦੇ ਪੁਜਦੇ ਹੋਏ ਵੀ ਗੁਰੂ ਘਰ ਦੀ ਖਿਚੜੀ ਤੇ ਇਕ ਇਕ ਪ੍ਰਸ਼ਾਦਾ ਲੈ ਕੇ ਪ੍ਰਸੰਨਤਾ ਮਨਾਉਂਦੇ ਹਨ ਅਤੇ ਇਹ ਜਾਣ ਕੇ ਹੋਰ ਵੀ ਖੁਸ਼ੀ ਹੁੰਦੀ ਹੈ ਕਿ ਇਹ ਲੋਕੀਂ ਮਾਸ ਸ਼ਰਾਬ ਦੀ ਗੁੜ੍ਹਤੀ ਦੇ ਪਲੇ ਹੋਏ ਹੁਣ ਮਾਸ ਸ਼ਰਾਬ ਦੇ ਨੇੜੇ ਤਕ ਨਹੀਂ ਜਾਂਦੇ। ਇਥੋਂ ਤਕ ਕਿ ਚਾਹ ਵੀ ਨਹੀਂ ਪੀਂਦੇ।

ਅਸੀਂ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਭੋਜਨ ਸਾਦਾ ਤੇ ਸਵੱਛ ਜ਼ਰੂਰ ਹੋਣਾ ਚਾਹੀਏ। ਸਿਆਣੇ ਕਹਿੰਦੇ ਨੇ, ਜੈਸਾ ਅੰਨ ਤੈਸਾ ਮਨ। ਇਹ ਭਾਵੇਂ ਅਖਾਣ ਹੀ ਹੈ, ਪਰ ਗੁਰਮਤਿ ਅਨੁਸਾਰ ਇਹ ਠੀਕ ਢੁਕਦਾ ਹੈ ਤੇ ਸਾਡੀ ਰਹਿਣੀ ਬਹਿਣੀ ਤੇ ਪੂਰਾ ਉਤਰਦਾ ਹੈ। ਜਦ ਕਦੀ ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਨੂੰ ਬਜ਼ਾਰਾਂ ਚੌਂਕਾਂ ਵਿਚ ਖੜੇ ਚਟਪਟੇ ਤੇ ਮਸਾਲੇਦਾਰ ਭਲੇ ਪਕੌੜੇ ਆਦਿ ਖਾਂਦਿਆਂ ਵੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ। ਹੋਰ ਵੀ ਦੁਖ ਹੁੰਦਾ ਹੈ ਜਦ ਇਨ੍ਹਾਂ ਪ੍ਰੇਮੀਆਂ ਵਿਚੋਂ ਕਈ ਸਿੰਘਾਂ ਨੇ ਕਿਰਪਾਨ ਬਾਹਰ ਪਾਈ ਹੁੰਦੀ ਹੈ ਤੇ ਕਿਸੇ ਬੀਬੀ ਨੇ ਸੀਸ ਤੇ ਕੇਸਕੀ ਵੀ ਸਜਾਈ ਹੁੰਦੀ ਹੈ। ਵੀਰੋ, ਇਹ ਸਿੰਘਾਂ ਦਾ ਕਰਤੱਬ ਨਹੀਂ ਹੈ। ਹੰਭਲਾ ਮਾਰ ਕੇ ਇਸ ਅਵਸਥਾ ਤੋਂ ਉਚਾ ਉਠੋ! ਸੁਆਦਾਂ ਵਿਚ ਜਨਮ ਜੂਏ ਵਿਚ ਨਾ ਹਾਰੋ, ਸਤਿਗੁਰੂ ਦੀ ਬਖਸ਼ੀ ਦਾਤ ਨੂੰ ਸੰਭਾਲੋ। ਪੱਥ-ਪਰਹੇਜ਼ ਤੋਂ ਬਿਨਾ ਦਾਰੂ ਬੂਟੀ ਕਾਟ ਨਹੀਂ ਕਰਦਾ, ਇਸ ਲਈ ਸਿਹਤਵੰਦ ਹੋਣ ਤੇ ਨਰੋਆ ਜੀਵਨ ਜੀਣ ਲਈ ਨਾਮ-ਦਾਰੂ ਦੇ ਨਾਲ ਨਾਲ ਗੁਰਮਤਿ ਬਿਬੇਕ ਪੱਥ ਪਰਹੇਜ਼ ਵੀ ਅਤਿ ਲੋੜੀਂਦਾ ਹੈ।

ਮੇਰੀ ਇਹ ਅਪੀਲ ਕੇਵਲ ਤੇ ਕੇਵਲ ਅੰਮ੍ਰਿਤ-ਧਾਰੀ ਵੀਰਾਂ ਲਈ ਹੈ, ਦੂਜਿਆਂ ਨੂੰ ਤਾਂ ਛੇੜਨ ਦੀ ਵਾਹ ਨਹੀਂ, ਸਮਾਂ ਬਹੁਤ ਨਾਜ਼ਕ ਹੈ। ਸੋ ਹਰ ਇਕ ਗੁਰਸਿਖ ਇਹ ਯਤਨ ਕਰੇ ਕਿ ਬਾਜ਼ਾਰਾਂ ਵਿਚ ਖੜੋ ਕੇ ਐਸਾ ਖਾਣਾ ਪੀਣਾ ਤਿਆਗੇ। ਇਸ ਵਿਚ ਗੁਰੂ ਦੀ ਖੁਸ਼ੀ ਹੈ।

## ਪਿੰਡ ਪੰਡੋਰੀ (ਫਗਵਾੜਾ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨ ਜੱਥਾ ਫਗਵਾੜਾ ਵਲੋਂ ਪਿੰਡ ਪੰਡੋਰੀ ਵਿਖੇ ੨੫ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰਸਿਖ ਮਾਈ-ਭਾਈ ਹਾਜ਼ਰੀਆਂ ਭਰ ਕੇ ਗੁਰ ਕੀਆਂ ਪ੍ਰਾਪਤ ਕਰਨ। ਪੰਡੋਰੀ ਫਗਵਾੜਾ ਤੋਂ ਮਾਣਕਾ ਘੁੰਮਣ ਵਾਲੀ ਸੜਕ ਤੇ ਸਾਢੇ ਤਿੰਨ ਮੀਲ ਹੈ। ਸੰਗਤਾਂ ਨੂੰ ਲਿਜਾਣ ਲਈ ਫਗਵਾੜਾ ਬਸ ਸਟੈਂਡ ਤੇ ਸ਼ਾਮ ਸਾਢੇ ਸਤ ਵਜੇ ਟਰੱਕ ਜਾਂ ਟਰਾਲੀ ਦਾ ਇੰਤਜ਼ਾਮ ਹੋਵੇਗਾ।


www.AKJ.Org

# ਬੀਬੀ ਕ੍ਰਿਸ਼ਨ ਕੌਰ ਤੇ ਭਾਈ ਜਯੋਤੀ ਸਿੰਘ ਜੀ

[ਵਲੋਂ:—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ—੩੧]

ਪੂਰਬੀ ਬੰਗਾਲ ਵਿਚ ਜਿਥੇ ਪਿਛੇ ਜਿਹੇ ਪਾਕਿਸਤਾਨ ਸਰਕਾਰ ਵਲੋਂ ਨਿਹੱਥੇ ਬੰਗਾਲੀਆਂ ਤੇ ਬੜਾ ਜ਼ੁਲਮ ਢਾਇਆ ਗਿਆ ਸੀ, ਉਥੇ ਇਕ ਉੱਘਾ ਸ਼ਹਿਰ 'ਢਾਕਾ' ਵੀ ਹੈ। ਗੁਰੂ ਨਾਨਕ ਦੇਵ ਜੀ, ਸੰਨ ੧੫੦੯ ਈਸਵੀ ਵਿਚ ਆਪਣੀ ਪਹਿਲੀ ਉਦਾਸੀ ਸਮੇਂ ਇਥੇ ਆਏ ਸਨ ਅਤੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦਿਤਾ ਸੀ। ਉਨ੍ਹਾਂ ਦੀ ਪਵਿੱਤਰ ਯਾਦ ਵਿਚ 'ਚਰਨ ਪਾਦੁਕਾ' ਨਾਂ ਦਾ ਗੁਰਦਵਾਰਾ ਮੌਜੂਦ ਹੈ, ਜੋ ਸ਼ਹਿਰ ਤੋਂ ਕੁਝ ਬਾਹਰਵਾਰ ਹੈ। ਇਸ ਗੁਰਦਵਾਰੇ ਵਿਚ ਉਨ੍ਹਾਂ ਦੀਆਂ ਚਰਨ-ਪਾਦਕਾਂ ਵੀ ਹਨ। ਫਿਰ ਸੰਨ ੧੬੬੬ ਈਸਵੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਇਥੇ ਆਏ ਸਨ। ਜਿਸ ਥਾਂ ਉਹ ਬਿਰਾਜੇ ਸਨ, ਉਥੇ ਵੀ ਇਕ ਗੁਰਦਵਾਰਾ ਬਣਿਆ ਹੋਇਆ ਹੈ, ਜੋ ਸ਼ਹਿਰ ਦੇ ਅੰਦਰ ਹੈ। ਉਸ ਸਮੇਂ ਢਾਕੇ ਸ਼ਹਿਰ ਵਿਚ ਦੋ ਭਰਾ, ਭਾਈ ਨਥਾ ਜੀ ਅਤੇ ਭਾਈ ਬੁਲਾਕੀ ਦਾਸ ਜੀ ਰਹਿੰਦੇ ਸਨ। ਇਹ ਦੋਵੇਂ ਭਰਾ ਉਸ ਬਾਬਾ ਅਲਮਸਤ ਜੀ ਦੇ ਪੋਤਰੇ ਸਨ ਜੋ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਿੱਖ ਸਨ। ਇਨ੍ਹਾਂ ਦੋਹਾਂ ਭਰਾਵਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੇ ਪਰਚਾਰਕ ਦੇ ਤੌਰ ਤੇ ਨਿਯੁਕਤ ਕੀਤਾ। ਜਦੋਂ ਗੁਰੂ ਸਾਹਿਬ ਵਾਪਸ ਪੰਜਾਬ ਆ ਗਏ ਤਾਂ ਪਿਛੋਂ ਇਹ ਦੋਵੇਂ ਭਰਾ 'ਸਿੱਖੀ' ਦਾ ਪਰਚਾਰ ਕਰਦੇ ਰਹੇ।

ਬੀਬੀ ਕ੍ਰਿਸ਼ਨ ਕੌਰ ਜੀ ਇਸੇ ਢਾਕੇ ਦੇ ਰਹਿਣ ਵਾਲੇ ਸਨ। ਇਹ ਪਿਛੋਂ ਸਰਹੱਦ ਵਾਲੇ ਪਾਸੇ ਦੇ ਸਨ ਅਤੇ ਫ਼ਾਰਸੀ ਬੋਲੀ ਚੰਗੀ ਤਰ੍ਹਾਂ ਜਾਣਦੇ ਸਨ। ਪਤੀ ਇਨ੍ਹਾਂ ਦਾ ਢਾਕੇ ਵਿਚ ਫ਼ੌਜੀ ਨੌਕਰੀ ਕਰਦਾ ਸੀ। ਇਸ ਲਈ ਇਨ੍ਹਾਂ ਨੂੰ ਵੀ ਇਥੇ ਨਿਵਾਸ ਰਖਣਾ ਪਿਆ। ਫਿਰ ਕਰਤਾਰ ਦਾ ਭਾਣਾ ਐਸਾ ਵਰਤਿਆ ਕਿ ਪਤੀ ਇਨ੍ਹਾਂ ਦਾ ਚਲਾਣਾ ਕਰ ਗਿਆ। ਘਰ ਵਿਚ ਦੌਲਤ ਬਹੁਤੇਰੀ ਸੀ, ਜਿਸ ਨਾਲ ਇਹ ਗੁਜ਼ਾਰਾ ਕਰਨ ਲਗੇ। ਭਾਈ ਨੱਥਾ ਜੀ ਅਤੇ ਬੁਲਾਕੀ ਦਾਸ ਜੀ ਵਲੋਂ ਜੋ ਸਿਖ ਧਰਮ ਦਾ ਪਰਚਾਰ ਜ਼ੋਰਾਂ ਤੇ ਹੋ ਰਿਹਾ ਸੀ, ਉਸ ਪਰਚਾਰ ਵਿਚ ਇਹ ਵੀ ਖਿਚੇ ਗਏ। ਹਿੰਦੂ ਧਰਮ ਦੀ ਸਾਰੀ ਰਹੁਰੀਤ ਛੱਡ ਦਿਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਪਿਆਰੀ ਲਗਣ ਲਗ ਪਈ। ਇਹ ਰੋਜ਼ਾਨਾ ਧਰਮਸਾਲਾ (ਗੁਰਦਵਾਰੇ) ਜਾਣ ਲਗ ਪਏ। ਉਥੇ ਸੰਗਤ ਦੀ ਹਥੀਂ ਸੇਵਾ ਕਰ ਕੇ ਬੜੇ ਖੁਸ਼ ਹੁੰਦੇ ਸਨ। ਜਿਵੇਂ ਗੁਰਬਾਣੀ ਫ਼ੁਰਮਾਉਂਦੀ ਹੈ :—

ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ,
ਜਾਇ ਮਿਲੀਐ ਰਾਮ ਮੁਰਾਰੀ ॥੨੫॥
[ਰਾਮਕਲੀ ਅਸ਼ਟ: ਮ: ੩, ਪੰਨਾ ੯੧੧

ਫਿਰ ਇਨ੍ਹਾਂ ਨੂੰ ਪਤਾ ਲਗਿਆ ਕਿ ਗੁਰੂ ਗੋਬਿੰਦ ਸਿੰਘ ਜੀ, ਜੋ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਦਸਵੀਂ ਥਾਂ ਬਿਰਾਜਮਾਨ ਹਨ, ਉਨ੍ਹਾਂ ਨੇ ਖਾਲਸਾ ਪੰਥ ਸਜਾਇਆ ਹੈ ਅਤੇ ਹਰ ਪ੍ਰਾਣੀ ਮਾਤਰ ਨੂੰ ਹੁਕਮ ਦਿੱਤਾ ਹੈ ਕਿ ਖੰਡੇ ਦਾ ਅੰਮ੍ਰਿਤ ਛਕੋ। ਇਹ ਖਬਰ ਕਾਹਦੀ ਆਈ? ਇਨ੍ਹਾਂ ਵੀ ਗੁਰਦੇਵ ਪਿਤਾ ਜੀ ਦੇ ਹੁਕਮ ਅਗੇ ਸਿਰ ਝੁਕਾ ਦਿੱਤਾ। ਖੰਡੇ ਦਾ ਅੰਮ੍ਰਿਤ ਛਕ ਲਿਆ ਅਤੇ ਸਿਰ ਤੇ ਦਸਤਾਰ ਸਜਾ ਲਈ। ਫਿਰ ਇਹ ਖਿਆਲ ਉਪਜਿਆ ਕਿ ਕਿਉਂ ਨਾ ਆਪਣਾ ਬਾਕੀ ਦਾ ਜੀਵਨ ਸਿੱਖ-ਧਰਮ ਦੇ ਪਰਚਾਰ ਲਈ ਲਗਾ ਦਿਆਂ। ਇਸ ਤਰ੍ਹਾਂ ਗੁਰਦੇਵ ਪਿਤਾ ਜੀ ਦੀ ਵਧੇਰੇ ਖੁਸ਼ੀ ਹੋਏਗੀ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਬੀਬੀ ਕ੍ਰਿਸ਼ਨ ਕੌਰ ਨੇ ਜੋ ਪਹਿਲਾਂ ਸਿੱਖ ਨਹੀਂ ਸੀ, ਹੁਣ ਸਿੰਘ ਧਰਮ ਧਾਰਨ ਕਰ ਕੇ ਉਸ ਦੇ ਪ੍ਰਚਾਰ ਕਰਨ ਦਾ ਉਪਕਾਰ ਸਿਰ ਚੱਕ ਕੇ ਦੇਹ ਦੀ ਸਫਲਤਾ ਨੂੰ ਮੁਹਰੇ ਧਰ ਲਿਆ ਸੀ।

[ਕਲਗੀਧਰ ਚਮਤਕਾਰ, ਭਾਗ ੨, ਪੰਨਾ ੪੯

ਇਹ ਪਰਉਪਕਾਰੀ ਜੀਉੜੇ ਸਨ। ਦੂਜੇ ਦਾ



www.AKJ.Org

ਭਲਾ ਕਰ ਕੇ ਦਿਲ ਨੂੰ ਖੁਸ਼ੀ ਮਹਿਸੂਸ ਹੁੰਦੀ ਸੀ। ਜਿਥੇ ਇਨ੍ਹਾਂ ਦਾ ਪਹਿਰਾਵਾ ਪੂਰਨ ਖਾਲਸਾ ਵਰਦੀ ਵਿਚ ਸੀ, ਉਥੇ ਇਨ੍ਹਾਂ ਦੀ ਰਸਨਾ ਵਿਚ ਵੀ ਇਤਨੀ ਤਾਸੀਰ ਸੀ ਕਿ ਇਕ ਵਾਰੀ ਵੀ ਜੋ ਕਿਸੇ ਨੂੰ ਉਪਦੇਸ਼ ਕਰ ਦਿੰਦੇ ਸਨ, ਉਹ ਆਪ-ਮੁਹਾਰੇ ਸਿੱਖੀ ਵਲ ਖਿਚਿਆ ਜਾਂਦਾ ਸੀ ਅਤੇ ਅੰਮ੍ਰਿਤ ਛਕ ਲੈਂਦਾ ਸੀ। ਇਹ ਸਾਰੀ ਸ਼ਕਤੀ ਉਸ ਅਕਾਲ ਪੁਰਖ ਦੇ ਨਾਮ ਦੀ ਸੀ, ਜਿਸ ਨੂੰ ਇਹ ਸਦਾ ਜਪਿਆ ਕਰਦੇ ਸਨ।

ਗੁਰੂ-ਘਰ ਦੇ ਇਕ ਸਚਿਆਰ ਸਿੰਘ, ਭਾਈ ਜਯੋਤੀ ਸਿੰਘ ਜੀ ਹੋਏ ਹਨ। ਇਹ ਵੀ ਢਾਕੇ ਸ਼ਹਿਰ ਅੰਦਰ ਰਿਹਾ ਕਰਦੇ ਸਨ। ਇਹ ਰੋਜ਼ਾਨਾ ਸ਼ਾਮ ਦੇ ਸਮੇਂ ਸ਼ਹਿਰ ਤੋਂ ਬਾਹਰ ਜਿਥੇ 'ਬ੍ਰਹਮ ਪੁਤਰ' ਨਦੀ ਵਗਦੀ ਹੈ, ਉਥੇ ਚਲੇ ਜਾਇਆ ਕਰਦੇ ਸਨ। ਸੋਦਰ ਰਹਿਰਾਸ ਸਾਹਿਬ ਦਾ ਪਾਠ ਕਰਦੇ ਅਤੇ ਵਾਹਿਗੁਰੂ ਦੇ ਪਿਆਰ ਵਿਚ ਭਿਜੇ ਹੋਏ ਗੁਰਬਾਣੀ ਦੇ ਅਨੇਕਾਂ ਸ਼ਬਦ ਪੜ੍ਹਿਆ ਕਰਦੇ ਸਨ। ਇਕ ਦਿਨ ਇਹ ਸ਼ਬਦ ਉਚਾਰਨ ਹੋ ਰਿਹਾ ਸੀ :—

ਊਚ ਅਪਾਰ ਬੇਅੰਤ ਸੁਆਮੀ
ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ
ਬਿਨਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ
ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ
ਸਦਾ ਸਦਾ ਬਲਿਹਾਰੈ ॥੪॥੧॥੪॥

[ਬਿਲਾਵਲੁ ਮ: ੫, ਪੰਨਾ ੮੦੨

ਜਿਸ ਥਾਂ ਭਾਈ ਜਯੋਤੀ ਸਿੰਘ ਬੈਠੇ ਸਨ, ਉਸ ਤੋਂ ਕੁਛ ਹੀ ਫ਼ਾਸਲੇ ਤੇ ਇਕ ਨਵਾਬ ਸਾਹਿਬ ਆਪਣਾ ਜਸ਼ਨ ਮਨਾ ਰਹੇ ਸਨ। ਮਹਿਫ਼ਲ ਜੁੜੀ ਹੋਈ ਸੀ। ਮਾਸ ਸ਼ਰਾਬ ਦਾ ਖੁਲ੍ਹਾ ਇਸਤਿਮਾਲ ਹੋ ਰਿਹਾ ਸੀ। ਇਕ ਵੇਸ਼ਵਾ ਨਚ ਰਹੀ ਸੀ। ਹੁਣ ਨਵਾਬ ਸਾਹਿਬ ਦਾ ਧਿਆਨ ਕਿਸੇ ਹੋਰ ਪਾਸੇ ਚਲਾ ਗਿਆ। ਕੰਨਾਂ ਵਿਚ ਕੋਈ ਅਵਾਜ਼ ਆਈ, ਜੋ ਬੜੀ ਮਿਠੀ ਤੇ ਪਿਆਰੀ ਸੀ। ਮਨ ਖਿਚਿਆ ਗਿਆ। ਫ਼ੌਰਨ ਇਕ ਸਿਪਾਹੀ ਨੂੰ ਹੁਕਮ ਦਿਤਾ ਕਿ ਜਾਉ, ਉਸ ਮਨੁੱਖ ਨੂੰ ਸਾਡੇ ਕੋਲ ਲੈ ਆਉ, ਜੋ ਇਹ ਗੀਤ ਗਾ ਰਿਹਾ ਹੈ।

ਸਿਪਾਹੀ ਜਦੋਂ ਭਾਈ ਜਯੋਤੀ ਸਿੰਘ ਪਾਸ ਪਹੁੰਚਿਆ ਤਾਂ ਭਾਈ ਜਯੋਤੀ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਜਾ ਭਾਈ, ਸਾਡੇ ਗਰੀਬਾਂ ਨਾਲ ਨਵਾਬ ਦਾ ਕੀ ਕੰਮ ਹੈ? ਅਸੀਂ ਜਿਸ ਹਾਲ ਬੈਠੇ ਹਾਂ, ਸਾਨੂੰ ਰਹਿਣ ਦਿਉ।

ਸਿਪਾਹੀ ਹੁਣ ਖਹਿੜੇ ਪੈ ਗਿਆ ਕਿ ਤੁਹਾਨੂੰ ਜ਼ਰੂਰ ਚਲਣਾ ਪਏਗਾ। ਸਿਪਾਹੀ ਦੀ ਜ਼ਿਦ ਦੇਖ ਕੇ ਭਾਈ ਸਾਹਿਬ ਜੀ ਉਠ ਖਲੋਤੇ ਅਤੇ ਨਵਾਬ ਪਾਸ ਆ ਗਏ। ਨਵਾਬ ਨੇ ਕਿਹਾ—ਤੁਸੀਂ ਸਾਨੂੰ ਬੜਾ ਖੁਸ਼ ਕੀਤਾ ਹੈ, ਹੁਣ ਕੋਈ ਗੀਤ ਫ਼ਾਰਸੀ ਵਿਚ ਸੁਣਾਉ, ਕਿਉਂਕਿ ਤੁਹਾਡੀ ਪਹਿਲੀ ਬੋਲੀ ਸਾਡੀ ਸਮਝ ਵਿਚ ਨਹੀਂ ਆਈ।

ਭਾਈ ਜਯੋਤੀ ਸਿੰਘ—ਮੈਂ ਆਪਣੇ ਗੀਤਾਂ ਵਿਚ ਪਰਮੇਸ਼ਰ ਨੂੰ ਯਾਦ ਕਰਦਾ ਹਾਂ, ਜੋ ਸਿਰਫ਼ ਮੇਰੀ ਬੋਲੀ ਵਿਚ ਹਨ। ਫ਼ਾਰਸੀ ਬੋਲੀ ਮੈਂ ਜਾਣਦਾ ਨਹੀਂ, ਇਸ ਲਈ ਫ਼ਾਰਸੀ ਬੋਲੀ ਵਿਚ ਗੀਤ ਗਾਉਣ ਤੋਂ ਅਸਮਰਥ ਹਾਂ।

ਨਵਾਬ—ਅੱਛਾ! ਤੁਸੀਂ ਆਪਣੀ ਬੋਲੀ ਵਿਚ ਹੀ ਗੀਤ ਸੁਣਾਉ। ਸਾਨੂੰ ਤਾਂ ਤੁਹਾਡੀ ਆਵਾਜ਼ ਹੀ ਚੰਗੀ ਲਗਦੀ ਹੈ।

ਭਾਈ ਜਯੋਤੀ ਸਿੰਘ—ਮੈਂ ਇਕ ਸ਼ਰਤ ਉਤੇ ਤੁਹਾਨੂੰ ਗੀਤ ਸੁਣਾ ਸਕਦਾ ਹਾਂ। ਉਹ ਸ਼ਰਤ ਇਹ ਕਿ ਮਾਸ ਸ਼ਰਾਬ ਨੂੰ ਇਥੋਂ ਹਟਾ ਦਿਉ ਅਤੇ ਵੇਸਵਾ ਦਾ ਨਾਚ ਬਿਲਕੁਲ ਬੰਦ ਕਰ ਦਿਉ।

ਨਵਾਬ—(ਗੁਸੇ ਵਿਚ ਆ ਗਿਆ) ਕਾਫ਼ਰ! ਤੇਰੀ ਇਹ ਮਜਾਲ ਕਿ ਮੇਰਾ ਹੁਕਮ ਮੰਨਣ ਤੋਂ ਇਨਕਾਰ ਕਰੇਂ ਅਤੇ ਮੇਰੇ ਨਾਲ ਕੋਈ ਸ਼ਰਤ ਬੰਨ੍ਹੇਂ।

ਭਾਈ ਜਯੋਤੀ ਸਿੰਘ—ਨਵਾਬ ਸਾਹਿਬ! ਮੈਂ ਮਜਬੂਰ ਹਾਂ। ਮੇਰਾ ਧਰਮ ਜਿਵੇਂ ਮੈਨੂੰ ਸਿਖਾਂਦਾ ਹੈ, ਮੈਂ ਕਹਿ ਦਿੰਦਾ ਹਾਂ।

ਨਵਾਬ—ਯਾਦ ਰਖ! ਹੁਣ ਜ਼ਬਰਦਸਤੀ ਤੈਨੂੰ


www.AKJ.Org

ਮੁਸਲਮਾਨ ਬਣਾਇਆ ਜਾਏਗਾ ਅਤੇ ਫ਼ਾਰਸੀ ਵੀ ਪੜ੍ਹਾਈ ਜਾਏਗੀ। ਫਿਰ ਤੇਰੇ ਪਾਸੋਂ ਰੋਜ਼ ਗੀਤ ਸੁਣਾਂਗੇ।

ਭਾਈ ਜਯੋਤੀ ਸਿੰਘ—ਨਵਾਬ, ਇਹ ਤੇਰਾ ਭੁਲੇਖਾ ਹੈ। ਸਿੱਖ ਆਪਣੀ ਜਾਨ ਦੇ ਦਿੰਦਾ ਹੈ, ਪਰ ਆਪਣਾ ਧਰਮ ਨਹੀਂ ਛਡਿਆ ਕਰਦਾ।

ਹੁਣ ਨਵਾਬ ਨੇ ਆਪਣੇ ਸਿਪਾਹੀਆਂ ਨੂੰ ਕਿਹਾ ਕਿ ਇਸ ਕਾਫ਼ਰ ਨੂੰ ਫੜ ਕੇ ਡੇਰੇ ਲੈ ਚਲੋ। ਅਤੇ ਭਾਈ ਜਯੋਤੀ ਸਿੰਘ ਜੀ ਕੈਦ ਕੀਤੇ ਗਏ।

ਜਦੋਂ ਇਸ ਗ੍ਰਿਫ਼ਤਾਰੀ ਦਾ ਪਤਾ ਬੀਬੀ ਕ੍ਰਿਸ਼ਨ ਕੌਰ ਜੀ ਨੂੰ ਲਗਿਆ ਤਾਂ ਆਪ ਦਾ ਮਨ ਤੜਪ ਉਠਿਆ। ਇਕ ਗੁਰੂ-ਦਰ ਦੇ ਪ੍ਰੇਮੀ ਸਿਖ ਦੀ ਗ੍ਰਿਫ਼ਤਾਰੀ ਸੁਣ ਕੇ ਭਲਾ ਕਿਸ ਤਰ੍ਹਾਂ ਰਿਹਾ ਜਾ ਸਕਦਾ ਹੈ! ਪਰਉਪਕਾਰ ਦਾ ਮਾਦਾ ਹਿਰਦੇ ਵਿਚ ਨਕੋ ਨਕ ਭਰਿਆ ਪਿਆ ਸੀ। ਫੌਰਨ ਮਰਦਾਵੇਂ ਕਪੜੇ ਪਾਏ ਅਤੇ ਭੇਸ ਦਰਵੇਸ਼ਾਂ ਵਾਲਾ ਬਣਾਇਆ। ਜਿਥੇ ਨਵਾਬ ਸਾਹਿਬ ਦਾ ਮਹਿਲ ਸੀ, ਉਥੇ ਚਲੇ ਗਏ। ਬੜੀ ਮਿੱਠੀ ਸੁਰ ਵਿਚ ਇਕ ਗਜ਼ਲ ਗਾਈ। ਇਹ ਗ਼ਜ਼ਲ ਫ਼ਾਰਸੀ ਬੋਲੀ ਵਿਚ ਸੀ। ਨਵਾਬ ਨੇ ਸਮਝਿਆ ਕਿ ਕੋਈ ਅਲਾਹ ਦੇ ਪਿਆਰੇ ਦਰਵੇਸ਼ ਆਏ ਹਨ। ਇਸ ਲਈ ਬੜਾ ਖੁਸ਼ ਹੋਇਆ ਅਤੇ ਰੁਪਇਆਂ ਦੀ ਇਕ ਥੈਲੀ ਉਨ੍ਹਾਂ ਦੇ ਅਗੇ ਰਖੀ। ਦਰਵੇਸ਼ ਨੇ ਕਿਹਾ ਕਿ ਅਲਾਹ ਦੇ ਆਸ਼ਕਾਂ ਨੂੰ ਰੁਪਇਆਂ ਦੀ ਭੁੱਖ ਨਹੀਂ ਹੁੰਦੀ। ਅਸੀਂ ਤਾਂ ਸਿਰਫ਼ ਅਲਾਹ ਦੇ ਹੁਕਮ ਨਾਲ ਤੁਹਾਡੇ ਕੋਲ ਆਏ ਹਾਂ।

ਨਵਾਬ—ਦਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ। ਜੋ ਕਹੋ, ਤੁਹਾਡੇ ਲਈ ਹਾਜ਼ਰ ਕਰ ਦਿੰਦਾ ਹਾਂ।

ਦਰਵੇਸ਼—ਹਾਂ! ਜੇ ਤੇਰੇ ਦਿਲ ਵਿਚ ਸਾਡੇ ਲਈ ਕੋਈ ਸਤਿਕਾਰ ਪੈਦਾ ਹੋਇਆ ਹੈ ਤਾਂ ਉਹ ਆਦਮੀ ਸਾਡੇ ਹਵਾਲੇ ਕਰ ਦੇਹ, ਜੋ ਤੂੰ ਬ੍ਰਹਮ-ਪੁਤਰ ਨਦੀ ਦੇ ਕਿਨਾਰੇ ਕੈਦ ਕੀਤਾ ਸੀ।

ਨਵਾਬ, ਦਰਵੇਸ਼ ਦਾ ਕਹਿਣਾ ਮੋੜ ਨ ਸਕਿਆ। ਕਿਉਂਕਿ ਉਸ ਦੇ ਦਿਲ ਉਤੇ ਦਰਵੇਸ਼ ਦਾ ਪ੍ਰਭਾਵ ਹੀ ਕੁਝ ਐਸਾ ਛਾਇਆ ਸੀ, ਅਤੇ ਉਹ ਦਰਵੇਸ਼ਾਂ ਕੋਲੋਂ ਕੁਝ ਡਰਿਆ ਵੀ ਕਰਦਾ ਸੀ। ਜੇ ਕਿਧਰੇ ਇਹ ਨਰਾਜ਼ ਹੋ ਕੇ ਬਦ-ਦੁਆ ਦੇ ਦੇਣ ਤਾਂ ਪੂਰੀ ਹੋ ਜਾਂਦੀ ਹੈ। ਇਸ ਲਈ ਭਾਈ ਜਯੋਤੀ ਸਿੰਘ ਨੂੰ ਦਰਵੇਸ਼ ਦੇ ਹਵਾਲੇ ਕਰ ਦਿੱਤਾ। ਅਤੇ ਨਾਲ ਹੀ ਬੇਨਤੀ ਕੀਤੀ ਕਿ ਕਦੀ ਕਦੀ ਆ ਕੇ ਦਰਸ਼ਨ ਦੇ ਜਾਇਆ ਕਰੋ। ਤੁਹਾਡੀ ਗ਼ਜ਼ਲ ਸੁਣਨ ਲਈ ਮਨ ਸਦਾ ਕਰਦਾ ਰਹੇਗਾ।

ਦਰਵੇਸ਼ ਨੇ ਅਗੋਂ ਜਵਾਬ ਦਿੱਤਾ ਕਿ ਅਲਾਹ ਦੇ ਪਿਆਰਿਆਂ ਨੂੰ ਕਿਸੇ ਚੀਜ਼ ਦਾ ਮੋਹ ਜਾਂ ਲਾਲਚ ਨਹੀਂ ਹੁੰਦਾ। ਉਨ੍ਹਾਂ ਦੀ ਆਪਣੀ ਮੌਜ ਹੁੰਦੀ ਹੈ। ਜੇ ਅਲਾਹ ਨੂੰ ਮਨਜ਼ੂਰ ਹੋਇਆ ਤਾਂ ਤੇਰੇ ਪਾਸ ਜ਼ਰੂਰ ਆਵਾਂਗੇ।

ਇਸ ਤਰ੍ਹਾਂ ਭਾਈ ਜਯੋਤੀ ਸਿੰਘ ਜੀ ਕੈਦ ਵਿਚੋਂ ਛੁਡਾ ਕੇ ਧਰਮਸਾਲਾ ਵਿਚ ਲਿਆਂਦੇ ਗਏ।

ਭਾਈ ਜਯੋਤੀ ਸਿੰਘ ਜੀ ਤਾਂ ਭੇਸ ਬਦਲ ਕੇ ਅਨੰਦਪੁਰ ਸਾਹਿਬ ਭੇਜੇ ਗਏ, ਬੀਬੀ ਕ੍ਰਿਸ਼ਨ ਕੌਰ ਜੀ ਢਾਕੇ ਵਿਚ ਹੀ ਰਹਿ ਕੇ ਪੰਥ ਦੀ ਸੇਵਾ ਕਰਦੇ ਰਹੇ। ਭਾਈ ਜਯੋਤੀ ਸਿੰਘ ਨੇ ਜਦੋਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਵਿਥਿਆ ਸੁਣਾਈ ਤਾਂ ਗੁਰੂ ਸਾਹਿਬ ਨੇ ਗਦ ਗਦ ਹੋ ਕੇ ਫੁਰਮਾਇਆ ਕਿ ਜਿਸ ਬੀਬੀ ਨੇ ਮੇਰੇ ਸਿੱਖ ਦੀ ਬੰਦ-ਖਲਾਸ ਕਰਾਈ ਹੈ, ਉਸ ਦੀ ਲੋਕ ਪ੍ਰਲੋਕ ਵਿਚ ਬੰਦ-ਖਲਾਸ ਹੋਈ।

---

## ਕੁਰਾਲਾ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ

ਭਾਈ ਅਵਤਾਰ ਸਿੰਘ ਜੀ ਨਿਹੰਗ ਇਤਲਾਹ ਦੇਂਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਕੁਰਾਲਾ ਵਿਖੇ ੧੧ ਮਾਰਚ ਨੂੰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦੇ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਕੁਰਾਲਾ ਪਿੰਡ ਜਲੰਧਰ—ਪਠਾਨਕੋਟ ਰੋਡ ਤੇ ਹੈ।



www.AKJ.Org

# ਹਰਿ ਕਾ ਨਾਮੁ ਸੰਗਿ ਉਜੀਆਰਾ

[ਸ: ਸਤਨਾਮ ਸਿੰਘ ਜੀ, ਹੈਪੀ ਨਿਵਾਸ]

ਹਰ ਮਨੁੱਖ ਔਖੇ ਸਮੇਂ, ਹਾਲਾਤ ਤੋਂ ਡਰਦਾ ਹੈ, ਹਰ ਸਮੇਂ ਖੁਸ਼ੀ, ਸੌਖ, ਅਤੇ ਅਰਾਮ ਦੀ ਖਾਹਸ਼ ਇਛਾ ਕਰਦਾ ਹਾਂ। ਆਤਮਾ ਅਮਰ ਹੈ, ਇਹ ਚੁਰਾਸੀ ਲਖ ਜੂਨਾਂ ਵਿੱਚ ਵਖ ਵਖ ਰੂਪ ਵਟਾ ਕੇ ਆਉਂਦੀ ਜਾਂਦੀ ਹੈ। ਆਤਮਕ ਦੁਖ, ਮੁਸੀਬਤ, ਸਰੀਰਕ ਦੁਖ ਕਸ਼ਟ ਤੋਂ ਵਧੇਰੇ ਹੁੰਦੀ ਹੈ, ਆਤਮਕ ਰੋਗ ਕਿਸੇ ਨਾਲ ਸਾਂਝੇ ਨਹੀਂ ਕੀਤੇ ਜਾ ਸਕਦੇ, ਗੁਝੇ ਹੁੰਦੇ ਹਨ। ਅਕਾਲਪੁਰਖ ਸਭਨਾਂ ਜੀਆਂ ਦਾ ਸਚਾ ਸਿਰਜਨਹਾਰ, ਮਾਲਕ ਅਤੇ ਪਿਤਾ ਹੈ। ਇਸ ਆਤਮਾ ਨੂੰ ਉਸ ਮਾਲਕ ਤੋਂ ਵਿਛੜ ਕੇ ਦੁਖ ਹੁੰਦੇ ਹਨ। ਇਸ ਨੂੰ ਸੁਖ ਸ਼ਾਂਤੀ, ਅਰਾਮ ਆਪਣੇ ਮਾਲਕ ਨਾਲ ਮਿਲਾਪ ਵਿਚ ਹੁੰਦੇ ਹਨ। ਆਤਮਾ ਨੂੰ ਸਦਾ ਸੁਖੀ ਰਖਣ ਲਈ ਸਚੇ ਨਾਮ ਦਾ ਸਿਮਰਨ ਕਰਨਾ, ਸੰਗਤ ਕਰਨਾ, ਉਸ ਮਾਲਕ ਦੀ ਸਿਫ਼ਤ ਸਾਲਾਹ ਕਰਨਾ ਹੈ। ਆਤਮਾ ਨੂੰ ਜਨਮ ਮਰਨ ਹੀ ਵਡੇ ਦੁਖ ਹਨ,ਇਸ ਆਵਾਗਵਨ ਤੇ ਵਖ ਵਖ ਰੂਪ ਵਿਚ ਆਉਣ ਜਾਣ ਦਾ ਨਿਬੇੜਾ ਨਾਮ ਸਿਮਰਨ ਨਾਲ, ਉਸ ਮਾਲਕ ਦੇ ਗੁਣ ਗਾਣ ਨਾਲ, ਆਪਣੇ ਮਨ ਨੂੰ, ਬਿਰਤੀ ਨੂੰ, ਸੁਰਤਿ ਨੂੰ, ਪੂਰੀ ਤਰ੍ਹਾਂ ਆਪਣੇ ਸਿਰਜਨਹਾਰ ਵਿਚ ਸੁਆਸ ਸੁਆਸ ਲਗਾਉਣ ਨਾਲ, ਸੰਸਾਰ ਦੇ ਕਾਮ ਕਰੋਧ, ਲੋਭ, ਮੋਹ, ਹੰਕਾਰ, ਲਾਲਚਾਂ ਦਾ ਤਿਆਗ ਕਰਨ ਨਾਲ, ਕੇਵਲ ਇਕੋ ਮਨੁਖਾ ਜਨਮ ਦੇ ਸਮੇਂ ਹੀ ਹੋ ਸਕਦਾ ਹੈ। ਮਨੁਖਾ ਜਨਮ ਇਸੇ ਲਈ ਉਤਮ ਹੈ ਕਿ ਆਪਣੇ ਸਰੀਰ ਦੇ ਸਾਰੇ ਅੰਗਾਂ ਨੂੰ ਨਾਮ ਬਾਣੀ ਸਵਾ ਸਿਮਰਨ ਵਾਲੇ ਪਾਸੇ ਲਗਾ ਕੇ ਅੰਤ ਸਮੇਂ ਤਕ ਵਾਹਿਗੁਰੂ ਵਾਹਿਗੁਰੂ ਕਹਿੰਦੇ ਉਸ ਸਚੇ ਵਿੱਚ ਲੀਨ ਹੋ ਸਕੀਏ, ਅਭੇਦ ਹੋ ਸਕੀਏ, ਉਸ ਮਾਲਕ ਵਰਗੇ ਹੋ ਜਾਈਏ ਅਤੇ ਬਾਰ ਬਾਰ ਦੇ ਜਨਮ ਮਰਨ ਦੇ ਦੁਖਾਂ, ਕਸ਼ਟਾਂ, ਲਾਲਚਾਂ ਤੋਂ ਨਿਵਰਤੀ, ਛੁਟਕਾਰਾ ਹੋ ਜਾਵੇ।

ਮਨਮੁਖਾਂ ਨੂੰ ਹੀ ਦੋਬਾਰਾ ਜਨਮ ਹੈ, ਮਰਨ ਤੋਂ ਬਾਦ ਜਮਾਂ ਦੇ ਵਸ, ਭੀੜੇ ਹਨ੍ਹੇਰੇ ਰਾਹ ਤੇ ਚਲਣਾ ਹੈ, ਕਿਸੇ ਨੇ ਸਾਥ ਨਹੀਂ ਦੇਣਾ, ਉਸ ਔਖੀ ਘੜੀ ਜੋ ਹਰ ਹਾਲਤ ਵਿੱਚ ਆਉਣੀ ਹੈ, ਨੂੰ ਟਾਲਣਾ ਸਾਡੇ ਆਪਣੇ ਹਥ ਹੈ।

ਗੁਰੂ ਸਾਹਿਬਾਨ ਨੇ ਆਪਣੇ ਸਾਰੇ ਜੀਵਨ ਨਾਮ ਸਿਮਰਨ, ਸੇਵਾ ਘਾਲਿ ਕਮਾਈ ਵਲ ਲਗਾ ਕੇ ਸਾਨੂੰ ਮੁਕਤੀ ਪ੍ਰਾਪਤ ਕਰ ਸਕਣ ਦਾ ਸਿਧਾ ਮਾਰਗ ਨਾਮ ਸਿਮਰਨ ਦਸਿਆ ਹੈ। ਅੰਤ ਸਮੇਂ ਇਸ ਨਾਮ ਸਿਮਰਨ ਨੇ ਹੀ ਸਾਡੇ ਨਾਲ ਜਾ ਕੇ ਸਾਡੀ ਪਹਿਚਾਨ ਕਰਵਾਉਣੀ ਹੈ, ਸਾਨੂੰ ਜਮਾਂ ਦੇ ਰਸਤੇ, ਮਾਰ ਤੋਂ ਦੂਰ ਰਖਣਾ ਹੈ, ਰੌਸ਼ਨ ਮੁਨਾਰਾ ਹੋ ਕੇ ਸਾਡੀ ਅਗਵਾਈ ਕਰਨੀ ਹੈ। ਸ੍ਰੀ ਸੁਖਮਨੀ ਸਾਹਿਬ ਦਾ ਵਡਾ ਉਪਦੇਸ਼ ਸਾਡੇ ਸਾਹਮਣੇ, ਮੁਕਤੀ ਪ੍ਰਾਪਤ ਕਰ ਸਕਣਾ ਹੈ। ਜੋ ਮਨੁਖ ਆਪਣੇ ਇਸ ਜਨਮ ਵਿਚ ਨਾਮ ਸਿਮਰਨ ਕਰਕੇ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਉਸ ਨੂੰ ਫਿਰ ਚੁਰਾਸੀ ਲਖ ਜੂਨੀਆਂ ਦਾ ਜਨਮ ਮਰਨ ਦਾ ਗੇੜ ਪੂਰਾ ਕਰਨਾ ਪੈਂਦਾ ਹੈ। ਗੁਰਬਾਣੀ ਸਾਨੂੰ ਬਾਰ ਬਾਰ ਉਪਦੇਸ਼ ਦੇ ਕੇ ਸੁਚੇਤ ਕਰ ਰਹੀ ਹੈ। ਗੁਰੂ ਵਾਲੇ ਬਣ ਕੇ ਗੁਰੂ ਦੇ ਹੁਕਮ ਵਿਚ ਰਹਿਣ ਦੀ ਲੋੜ ਹੈ। ਗੁਰੂ ਵਾਲੇ ਬਣਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਰੰਗ-ਰਸ ਲੀਣੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨੀ ਹੈ, ਤਾਂ ਹੀ ਨਾਮ ਦੀ ਸੱਚੀ ਸੁਚੀ ਕਮਾਈ ਹੋ ਸਕਣੀ ਹੈ, ਜਿਸ ਨੇ ਲੋਕ ਪਰਲੋਕ ਵਿਚ ਸਹਾਈ ਹੋਣਾ ਹੈ।

---

# ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਸਤਿਨਾਮ ਸਿੰਘ ਮਕਾਨ ਨੰ: ੨੪੫ ਸੈਕਟਰ ੩੫-ਏ, ਨੇੜੇ ਗੁਰਦਵਾਰਾ ਸੈਕਟਰ ੩੫ ਵਿਖੇ ੨੬ ਫ਼ਰਵਰੀ ਨੂੰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਅਖੰਡ ਕੀਰਤਨ ਦੁਪਹਿਰ ਇਕ ਵਜੇ ਤਕ ਹੋਣਗੇ,ਜਿਸ ਵਿਚ ਦੂਰੋਂ ਨੇੜਿਓਂ ਗੁਰੂ ਕੇ ਕੀਰਤਨੀਏ ਹਾਜ਼ਰੀਆਂ ਭਰਨਗੇ। ਸੰਗਤਾਂ ਪੁਜ ਕੇ ਲਾਭ ਉਠਾਉਣ।

www.AKJ.Org

# ਚਰਨ ਕਮਲ ਕੋ ਮਹਾਤਮ ਅਗਾਧੁ ਬੋਧੁ

[ਕਬਿਤ ਸਵੈਯੇ ਭਾਈ ਗੁਰਦਾਸ ਜੀ]

ਚਰਨ ਕਮਲ ਕੋ ਮਹਾਤਮ ਅਗਾਧੁ ਬੋਧੁ, ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ ॥

ਸਤਿਗੁਰੂ ਦੇ ਚਰਨਾਂ ਕਮਲਾਂ ਦੀ ਵਡਿਆਈ ਦਾ ਜਾਣਨਾ ਡੂੰਘਾ (ਕੰਮ) ਹੈ, ਬੜੀ ਹੈਰਾਨੀ ਪੈਦਾ ਕਰਨ ਵਾਲਾ ਤੇ ਨਮਸਕਾਰ ਯੋਗ ਹੈ।

ਕੋਮਲ ਕੋਮਲਤਾ ਔ ਸੀਤਲ ਸੀਤਲਤਾ ਕੈ, ਬਾਸਨਾ ਸੁਬਾਸ ਤਾਸ ਦੂਤੀਆ ਨ ਸਮ ਹੈ ॥

(ਗੁਰੂ ਦੇ ਚਰਨ ਕਮਲ) (ਸਰਨ ਆਉਣ ਵਾਲੇ ਨੂੰ) ਆਪਣੀ ਕੋਮਲਤਾ ਨਾਲ ਕੋਮਲ, ਆਪਣੀ ਸੀਤਲਤਾ ਨਾਲ ਸੀਤਲ ਤੇ ਆਪਣੀ ਵਾਸ਼ਨਾ ਨਾਲ ਸੁੰਦਰ ਵਾਸ਼ਨਾ ਵਾਲਾ (ਬਣਾ ਲੈਂਦੇ ਹਨ), ਕੋਈ ਹੋਰ ਇਨ੍ਹਾਂ (ਚਰਨ ਕਮਲਾਂ ਵਰਗਾ) ਨਹੀਂ ਹੈ।

ਸਹਜ ਸਮਾਧਿ ਨਿਜ ਆਸਨ ਸਿੰਘਾਸਨ ਮੈ, ਸ੍ਵਾਦ ਬਿਸਮਾਦ ਰਸ ਗੰਮਤਾ ਅਗੰਮ ਹੈ ॥

(ਗੁਰੂ ਦੇ ਚਰਨ ਕਮਲ)(ਸ਼ਰਨ ਆਉਣ ਵਾਲੇ ਨੂੰ ਉਸ ਦੇ) ਆਪਣੇ ਹਿਰਦੇ ਰੂਪ ਤਖ਼ਤ ਉਤੇ ਹੀ ਅਡੋਲ ਕਰ ਦੇਂਦੇ ਹਨ। ਇਨ੍ਹਾਂ ਦਾ ਸਵਾਦ ਅਸਚਰਜ ਹੈ, ਪਰ ਇਹ ਸਵਾਦ ਪਰੇ ਤੋਂ ਪਰੇ ਹੈ (ਭਾਵ, ਕੋਈ ਹੋਰ ਬਰਾਬਰੀ ਨਹੀਂ ਕਰ ਸਕਦਾ)।

ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦੁ ਬਿਸਮੈ ਬਿਸਮ ਹੈ ॥੪੬॥੮੦॥

(ਗੁਰੂ ਦੇ ਚਰਨ ਕਮਲ) ਰੂਪ ਵਲੋਂ ਅਜਿਹੇ ਸੁੰਦਰ ਰੂਪ ਹਨ ਕਿ ਮਨ ਦੀ ਵਿਚਾਰ-ਸੱਤਾ (ਬਿਆਨ ਕਰਦੀ) ਥੱਕ ਜਾਂਦੀ ਹੈ; (ਇਨ੍ਹਾਂ ਦੀ ਓਟ ਦਾ) ਅਨੰਦ ਬਿਆਨ ਤੋਂ ਪਰੇ ਹੈ, ਅਸਚਰਜ ਹੈ, ਅਸਚਰਜ ਹੈ।

[ਟੀਕਾਕਾਰ–ਪ੍ਰੋ: ਸਾਹਿਬ ਸਿੰਘ ਜੀ

---

# ਦਾਊਦਪੁਰ (ਨੇੜੇ ਖੰਨਾ) ਵਿਖੇ ਰੈਣ ਸਬਾਈ

ਸੰਗਣਾਂ ਦੀ ਸੇਵਾ ਵਿਚ ਬਿਨੈ ਹੈ ਕਿ ਅਖੰਡ ਕੀਰਤਨੀ ਜਥਾ ਖੰਨਾ ਵਲੋਂ ਪਿੰਡ ਦਾਊਦਪੁਰ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ੧੧ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਲੰਗਰ ਦਾ ਪਰਬੰਧ ਭਾਈ ਹਰਜਿੰਦਰ ਸਿੰਘ ਦੇ ਗ੍ਰਹਿ ਵਿਖੇ ਹੋਵੇਗਾ। ਨੋਟ–ਇਹ ਪਿੰਡ ਖੰਨੇ ਤੋਂ ੩ ਮੀਲ ਅਤੇ ਲਿਬੜੇ ਬਸ ਸਟੈਂਡ ਤੋਂ ੧ ਮੀਲ ਹੈ। ਖੰਨਾ ਬਸ ਸਟੈਂਡ ਤੋਂ ਟਰੱਕ ਅਤੇ ਲਿਬੜੇ ਤੋਂ ਟਰਾਲੀ ਦਾ ਪਰਬੰਧ ਹੋਵੇਗਾ। ਪੁੱਛ ਗਿਛ–ਮਾ: ਉਜਾਗਰ ਸਿੰਘ ਜੀ, ਫ਼ਰਵਾਲੀ।

---

# ਪਿੰਡ ਰਾਪੁਰ (ਜਲੰਧਰ) ਵਿਖੇ ਗੁਰਮਤਿ ਸਮਾਗਮ

ਭਾਈ ਮਹਿੰਦਰ ਸਿੰਘ ਜੀ ਨਿਹੰਗ ਸਿੰਘ ਦੇ ਗ੍ਰਹਿ ਵਿਖੇ ਪੰਜ ਮਾਰਚ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਅੰਮ੍ਰਿਤ ਸਿੰਚਾਰ ਦੇ ਨਾਲ ਹੀ ਰੈਣ ਸਬਾਈ ਕੀਰਤਨ ਰਾਤ ਨੂੰ ਹੋਣਗੇ। ਸਮੂਹ ਸੰਗਤਾਂ ਸਮਾਗਮ ਵਿਚ ਪੁਜ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਨੋਟ–ਰਾਪੁਰ ਪਿੰਡ ਜਲੰਧਰ–ਪਠਾਨਕੋਟ ਰੋਡ ਤੇ ਹੈ। ਟਾਂਡਾ ਤੋਂ ਤਿੰਨ ਮੀਲ ਅਤੇ ਭੋਗਪੁਰ ਤੋਂ ਪੰਜ ਮੀਲ ਹੈ। ਰੇਲਵੇ ਸਟੇਸ਼ਨ ਚੋਲਾਂਗ ਤੋਂ ਇਕ ਕਿਲੋਮੀਟਰ ਹੈ।

---

# ਪਿੰਡ ਮੁਲਾਂਪੁਰ ਗਰੀਬਦਾਸ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਇਲਾਕੇ ਦੀਆਂ ਸੰਗਤਾਂ ਵਲੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਮਨਾਉਣ ਲਈ ੧੧ ਫ਼ਰਵਰੀ ਰਾਤ ਨੂੰ ਪਿੰਡ ਮੁਲਾਂਪੁਰ ਗਰੀਬਦਾਸ ਤਸੀਲ ਖਰੜ (ਰੋਪੜ) ਵਿਚ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਰਬੱਤ ਮਾਈ ਭਾਈ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ।

ਦਾਸਰਾ–ਰਣਜੀਤ ਸਿੰਘ, ਮੁਲਾਂਪੁਰ ਗਰੀਬਦਾਸ

---

# ਪਿੰਡ ਡਾਲੋਮਾਜਰਾ (ਸਰਹੰਦ) ਵਿਖੇ ਸਾਲਾਨਾ ਪ੍ਰੋਗਰਾਮ

੨੯ ਤੋਂ ੩੧ ਮਾਰਚ ਨੂੰ ਹੋਣਗੇ। ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਵੇਖੋ

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਵਲੋਂ ਸੌ ਸੌ ਰੁਪਇਆ ਪੁੱਜਾ ਹੈ। ਉਨ੍ਹਾਂ ਦੀਆਂ ਬਣੀਆਂ ਐਫ਼ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :—

| | | | | |
|---|---|---|---|---|
| 328. | Cpl. ਪਿਆਰਾ ਸਿੰਘ A.F./FIT | (ਚਿਟ ਨੰ: 3328) | 778845/109/78 | ਮਿਤੀ 15-1-78 |
| 329. | ਸ. ਜਗਮੋਹਨ ਸਿੰਘ ਜੀ | ( ,, 3329) | 778846/110/78 | ,, |
| 330. | ਪ੍ਰੋਫੈਸਰ ਰਣਜੀਤ ਸਿੰਘ ਜੀ | ( ,, 3330 | 778847/111/78 | ,, |
| 331. | ਸ. ਜਸਵੰਤ ਸਿੰਘ ਜੀ | ( ,, 3331) | 778848/112/78 | ,, |
| 332. | ਸ. ਮੋਹਿੰਦਰ ਸਿੰਘ ਜੀ | ( ,, 3332) | 778849/113/78 | ,, |
| 333. | ਬੀਬੀ ਗੁਰਦੀਪ ਕੌਰ-ਬਲਵਿੰਦਰ ਕੌਰ ਜੀ | ( ,, 3333) | 778850/114/78 | ,, |
| 334. | Wg. Com ਐਸ. ਐਸ. ਗਿਆਨੀ | ( ,, 3334) | 778851/115/78 | ,, |

---

## *ਪਾਠਕਾਂ ਦੀ ਅਤੇ ਦਫ਼ਤਰੀ ਸਹੂਲਤ ਨੂੰ ਮੁਖ ਰਖ ਕੇ*

**'ਸੂਰਾ' ਦੇ ਪਾਠਕਾਂ ਲਈ** ਅਮਾਨਤੀ ਲਾਈਫ਼ ਮੈਂਬਰੀ ਸਕੀਮ ਚਾਲੂ ਕੀਤੀ ਗਈ ਹੋਈ ਹੈ, ਜਿਸ ਦੇ ਅਧੀਨ ਹੁਣ ਤਕ 343 ਮੈਂਬਰ ਦੇਸ ਵਿਚ ਅਤੇ ਪਰਦੇਸ ਵਿਚ ਬਣ ਚੁਕੇ ਹਨ।

ਦੇਸ ਵਿਚੋਂ ਸੌ ਰੁਪਿਆ ਭੇਜਣ ਨਾਲ ਪਾਠਕਾਂ ਦੇ ਨਾਂ ਬੈਂਕ ਵਿਚ ਰਕਮ ਜਮ੍ਹਾ ਕਰਾ ਦਿਤੀ ਜਾਂਦੀ ਹੈ। ਰਕਮ ਪਾਠਕਾਂ ਦੀ ਰਾਖਵੀਂ ਰਹਿੰਦੀ ਹੈ ਅਤੇ ਉਸ ਦੇ ਸੂਦ ਨਾਲ 'ਸੂਰਾ' ਪੱਤਰ ਨੂੰ ਸਾਲਾਨਾ ਚੰਦਾ ਮਿਲਦਾ ਰਹਿੰਦਾ ਹੈ।

ਪਾਠਕਾਂ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ ਦੇ ਸਾਲ ਮਨੀਆਡਰ ਕਰਾਉਣ ਦੀ ਥਾਂ ਇਕੋ ਵਾਰ ਸੌ ਰੁਪਏ ਦੇ ਕੇ ਸਾਰੀ ਉਮਰ ਲਈ ਚੰਦੇ ਵਲੋਂ ਬੇਫ਼ਿਕਰ ਹੋ ਜਾਓ। ਜਿਹੜੇ ਸਜਣ ਇਕ-ਵਾਰਗੀ ਸੌ ਰੁਪਿਆ ਨਹੀਂ ਭੇਜ ਸਕਦੇ, ਉਹ ਚਾਰ ਪੰਜ ਕਿਸ਼ਤਾਂ ਵਿਚ ਇਹ ਰਕਮ ਭੇਜ ਸਕਦੇ ਹਨ।

ਪ੍ਰਦੇਸ ਲਈ ਅਮਾਨਤੀ ਲਾਈਫ਼ ਮੈਂਬਰ ਸਮੁੰਦਰੀ ਡਾਕ ਸਭ ਦੇਸਾਂ ਲਈ 250/-
ਹਵਾਈ ਡਾਕ ਮਲਾਇਆ, ਅਰਬ ਆਦਿ 500/-, ਯੂ.ਕੇ., ਅਫ਼ਰੀਕਾ ਆਦਿ 650/-, ਕੈਨੇਡਾ, ਅਮਰੀਕਾ 750/-

---

## *ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ*

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ, ਪਰ ਸੰਖੇਪ ਜੀਵਨ ਸੂਰਾ ਪਰਵਾਰ ਵਲੋਂ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਜਨਮ ਤੋਂ ਲੈ ਕੇ ਅਕਾਲ ਚਲਾਣੇ ਤਕ ਦੇ ਬ੍ਰਿਤਾਂਤ ਤਰੀਕਵਾਰ, ਜੇਲ੍ਹ ਚਿਠੀਆਂ, ਰੰਗਲੇ ਸਜਣ ਤੇ ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਦੇ ਅਧਾਰ ਤੇ ਦਰਜ ਹਨ। ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅਖੀਂ ਡਿਠੇ-ਸੁਣੇ-ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਗਏ ਹਨ। ਬਹੁਤ ਹਦ ਤਕ ਭਾਈ ਸਾਹਿਬ ਦੀ ਸ਼ਬਦਾਵਲੀ ਵਰਤੀ ਗਈ ਹੈ। ਪੁਸਤਕ ਪੜ੍ਹ ਕੇ ਸਿੱਖੀ ਲਈ ਦ੍ਰਿੜ੍ਹ ਵਿਸ਼ਵਾਸ, ਸ੍ਵੈ-ਭਰੋਸਾ ਤੇ ਪਰਮਾਰਥੀ ਬੈਰਾਗ ਉਤਪੰਨ ਹੁੰਦਾ ਹੈ।

ਸਫ਼ੇ ੧੨੦, ਭੇਟਾ ਕੇਵਲ ਇਕ ਰੁਪਿਆ, ਡਾਕ ਖ਼ਰਚ ਸਮੇਤ ਸਧਾਰਨ ਡਾਕ ਵਿਚ ਸਵਾ ਰੁਪਿਆ, ਸਧਾਰਨ ਡਾਕ ਵਿਚ ਨਾ ਪੁਜਣ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਵੀ.ਪੀ. ੨ ਰੁਪੈ ੭੫ ਪੈਸੇ ਦੀ ਭੇਜ ਸਕਦੇ ਹਾਂ।

www.AKJ.Org

# ਪਟਿਆਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ੧੬ ਵੀਰਵਾਰ ਤੋਂ ੧੯ ਫ਼ਰਵਰੀ ਐਤਵਾਰ ਸਵੇਰ ਤਕ ਦੁਖ ਨਿਵਾਰਨ ਸਾਹਿਬ ਵਿਖੇ

ਹਰ ਸਾਲ ਵਾਂਗ ਬਸੰਤ ਪੰਚਮੀ ਦੇ ਸਾਲਾਨਾ ਕੀਰਤਨ ਪ੍ਰੋਗਰਾਮ ਪਟਿਆਲਾ ਵਿਖੇ ਹੋ ਰਹੇ ਹਨ। ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰ ਨੇੜੇ ਤੋਂ ਪੁਜ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਇਲਾਹੀ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਜੀ।

### --: ਪ੍ਰੋਗਰਾਮ :--

੧੬ ਫ਼ਰਵਰੀ ਸਵੇਰੇ ਅਰੰਭ ਸ੍ਰੀ ਅਖੰਡਪਾਠ ਦਰਸ਼ਨੀ ਡਿਉਢੀ ਉਪਰ
ਸ਼ਾਮ ਹਜ਼ੂਰੀ ਕੀਰਤਨ
੧੮ ਫ਼ਰਵਰੀ ਸਵੇਰੇ ਆਸਾ ਦੀ ਵਾਰ ਤੇ ਹਜ਼ੂਰੀ ਕੀਰਤਨ
ਸ਼ਾਮ ਪੰਜ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ
ਰਾਤ ਸਤ ਵਜੇ ਰੈਣ-ਸਬਾਈ ਕੀਰਤਨ ਅਰੰਭ
੧੯ ਫ਼ਰਵਰੀ ਸਵੇਰੇ ਅਠ ਵਜੇ ਸਮਾਪਤੀ

ਨੋਟ :–੧. ਸਾਰਾ ਪ੍ਰੋਗਰਾਮ ਅਤੇ ਲੰਗਰ ਤੇ ਰਿਹਾਇਸ਼ ਦਾ ਪਰਬੰਧ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਵਿਖੇ ਹੋਵੇਗਾ।
੨. ਲੋੜ ਅਨੁਸਾਰ ਬਿਸਤਰੇ ਲਿਆਉਣੇ ਬਹੁਤ ਜ਼ਰੂਰੀ ਹਨ।
੩. ਗੁਰੂ ਕੇ ਕੀਰਤਨੀਏ ਅਤੇ ਸਮੂੰਹ ਸਿੰਘ ਸਧਾਰਨ ਲਿਬਾਸ ਵਿਚ ਪੁਜਣ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਪਟਿਆਲਾ

---

## ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ

# ਵੈਸਾਖੀ ਦਾ ਸਾਲਾਨਾ ਸਮਾਗਮ ੧੧ ਤੋਂ ੧੪ ਅਪ੍ਰੈਲ ਸ੍ਰੀ ਅੰਮ੍ਰਿਤਸਰ ਵਿਖੇ

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦, | ੬-੫੦ | ਅੰਮ੍ਰਿਤ ਕਲਾ | ੦-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਸਿਖ ਕੌਣ ਹੈ | ੦-੩੦ |
| ਗੁਰਮਤਿ ਰਮਜ਼ਾਂ | ੧-੩੦ | ਸੱਚੀਆਂ ਦਾੜ੍ਹੀਆਂ | ੦-੩੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਚਰਨ ਕਮਲ ਕੀ ਮਉਜ | ੦-੭੫ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਵਾਹਿਗੁਰੂ ਸਿਮਰਨ | ੦-੩੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੨੫ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ | ੧-੦੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ੦-੨੫ |

ਮੈਨੇਜਰ, ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org